R.N.I Regd. No. PUNPUN/2023/88634
ਫ਼ੋਨ -01633-358364 (ਮੋ. 62803-56564)
ਸ਼ੁੱਕਰਵਾਰ 22 ਨਵੰਬਰ - 2024 ਸ੍ਰੀ ਮੁਕਤਸਰ ਸਾਹਿਬ
ਸਾਲ (Year) : 01
ਮੁੱਲ (Rate) : 04 ਰੁ.
ਪੰਨੇ (Pages) : 8

# ਪੰਜਾਬ ਦਾ ਖੁਲਾਸਾ

ਮੁੱਖ ਸੰਪਾਦਕ : ਮਨਪ੍ਰੀਤ ਸਿੰਘ    ਸ੍ਰੀ ਮੁਕਤਸਰ ਸਾਹਿਬ    Weekly PUNJAB DA KHULASA

www.punjabdakhulasa.com    www. facbook.com/punjabdakhulasa    E.mail.punjabdakhulasa1313@gmail.com

**ਪੱਤਰਕਾਰਾਂ ਦੀ ਲੋੜ**
40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਹੋਏ ਨਵੇਂ ਅਖ਼ਬਾਰ
ਪੰਜਾਬ ਦਾ ਖੁਲਾਸਾ
ਨੂੰ ਵੱਖ-ਵੱਖ ਜਿਲ੍ਹਿਆਂ ਵਿਚੋਂ ਜਿਲ੍ਹਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ
ਸੰਪਰਕ
62803-56564

ਸੰਪਾਦਕ : ਅਸ਼ੋਕ ਭਾਰਦਵਾਜ
ਸਹਿ ਸੰਪਾਦਕ ਰਣਜੀਤ ਸਿੰਘ ਚੰਦੀ

## ਲੋਨ ਦੀ ਸੈਟਲਮੈਂਟ ਕਰਨ ਆਏ ਨੌਜਵਾਨਾਂ ਨੇ ਗੁੱਸੇ 'ਚ ਏਜੰਸੀ ਮਾਲਕ 'ਤੇ ਚੜ੍ਹਾ ਦਿੱਤੀ ਥਾਰ

ਪੰਜਾਬ ਦਾ ਖੁਲਾਸਾ

ਲੁਧਿਆਣਾ, 21 ਨਵੰਬਰ - ਫਿਰੋਜ਼ ਗਾਂਧੀ ਮਾਰਕੀਟ 'ਚ ਸਥਿਤ ਰਿਕਵਰੀ ਆਫਿਸ 'ਚ ਲੋਨ ਦੀ ਸੈਂਟਲਮੈਂਟ ਕਰਨ ਆਏ ਨੌਜਵਾਨਾਂ ਨੇ ਰੰਜ਼ਿਸ਼ ਕਾਰਨ ਏਜੰਸੀ ਮਾਲਕ ਨੂੰ ਥਾਰ ਗੱਡੀ ਨਾਲ ਟੱਕਰ ਮਾਰ ਦਿੱਤੀ, ਜਿਸ ਕਾਰਨ ਏਜੰਸੀ ਮਾਲਕ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਡੀ. ਐੱਮ. ਸੀ. 'ਚ ਦਾਖਲ ਕਰਵਾਇਆ ਗਿਆ, ਜਿਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜ਼ਖਮੀ ਦੀ ਪਛਾਣ ਵਿਨੀਤ ਅਰੋੜਾ ਵਜੋਂ ਕੀਤੀ ਗਈ ਹੈ। ਥਾਣਾ ਡਵੀਜ਼ਨ ਨੰ. 5 ਦੀ ਪੁਲਸ ਨੇ 2 ਵਿਅਕਤੀਆਂ ਨੂੰ ਕਾਬੂ ਕਰ ਲਿਆ। ਪੁਲਸ ਨੇ ਮੁਲਜ਼ਮਾਂ ਖਿਲਾਫ ਐੱਸ. ਏ. ਐੱਸ. ਨਗਰ ਦੇ ਰਹਿਣ ਵਾਲੇ ਰਾਹੁਲ ਸਦਿਓੜਾ ਦੇ ਬਿਆਨ 'ਤੇ ਸਾਜ਼ਿਸ਼ ਤਹਿਤ ਜਾਨੋਂ ਮਾਰਨ ਦੀ ਕੋਸ਼ਿਸ਼ ਤਹਿਤ ਹਮਲਾ ਕਰਨ ਅਤੇ ਹੁੱਲੜਬਾਜ਼ੀ ਕਰਨ ਦੇ ਦੋਸ਼ 'ਚ ਕੇਸ ਦਰਜ ਕੀਤਾ ਹੈ।

ਪੁਲਸ ਨੇ ਕਾਬੂ ਕੀਤੇ ਮੁਲਜ਼ਮਾਂ ਦੀ ਪਛਾਣ ਹਰਮਨਦੀਪ ਸਿੰਘ ਭੁੱਲਰ ਉਰਫ ਹਰਮਨ ਲਾਹੌਰੀਆ ਅਤੇ ਗੁਰਪ੍ਰੀਤ ਸਿੰਘ ਉਰਫ ਗੁਰੀ ਅਤੇ ਫਰਾਰ ਮੁਲਜ਼ਮਾਂ ਦੀ ਪਛਾਣ ਪ੍ਰਭਜੋਤ ਸਿੰਘ ਉਰਫ ਜੋਤੀ, ਪਰਮ ਜੋਸ਼ੀ ਉਰਫ ਕਿੰਗ, ਲਵਪ੍ਰੀਤ ਸਿੰਘ, ਗੁਰਿੰਦਰ ਸਿੰਘ ਅਤੇ ਬਲਕਰਨ ਸਿੰਘ ਦੇ ਰੂਪ 'ਚ ਕੀਤੀ ਹੈ। ਕਾਬੂ ਕੀਤੇ ਗਏ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਨੇ ਰਿਮਾਂਡ 'ਤੇ ਲਿਆ ਹੈ। ਪੁਲਸ ਨੂੰ ਦਿੱਤੇ ਬਿਆਨ 'ਚ ਰਾਹੁਲ ਨੇ ਦੱਸਿਆ ਕਿ ਉਸ ਦਾ ਫਿਰੋਜ਼ ਗਾਂਧੀ ਮਾਰਕੀਟ 'ਚ ਰਿਕਵਰੀ ਅਤੇ ਕੁਲੈਕਸ਼ਨ ਏਜੰਸੀ ਦਾ ਦਫਤਰ ਹੈ। ਮੁਲਜ਼ਮ ਗੁਰਿੰਦਰ ਸਿੰਘ ਦੀ ਸਕੂਟਰੀ ਜੋ ਕਿ ਉਸ ਨੇ ਆਈ. ਡੀ. ਐੱਫ. ਸੀ. ਬੈਂਕ ਤੋਂ ਲੋਨ 'ਤੇ ਲਈ ਸੀ, ਉਸ ਦਾ ਕਰੀਬ 20 ਹਜ਼ਾਰ ਰੁਪਏ ਬਕਾਇਆ ਸੀ। ਗੁਰਿੰਦਰ ਸਿੰਘ ਆਫਿਸ 'ਚ ਉਸ ਨਾਲ ਕੇਸ ਸੈਟਲਮੈਂਟ ਕਰਨ ਲਈ ਆਇਆ ਸੀ, ਜਿਸ 'ਤੇ ਗੱਲਬਾਤ ਕਰਨ 'ਤੇ ਉਨ੍ਹਾਂ ਨਾਲ 8 ਹਜ਼ਾਰ ਰੁਪਏ 'ਚ ਸੈਟਲਮੈਂਟ ਹੋ ਗਈ। ਉਸ ਨੇ ਆਪਣੇ ਬੇਟੇ ਨੂੰ ਰਕਮ ਲੈ ਕੇ ਆਉਣ ਲਈ ਕਿਹਾ।

ਕੁਝ ਹੀ ਸਮੇਂ ਬਾਅਦ ਉਸ ਦਾ ਬੇਟਾ ਬਲਕਰਨ ਸਿੰਘ ਆਪਣੇ ਦੋਸਤ ਹਰਮਨਦੀਪ, ਲਵਪ੍ਰੀਤ, ਪਰਮ ਜੋਸ਼ੀ ਥਾਰ ਗੱਡੀ 'ਚ ਉਨ੍ਹਾਂ ਦੇ ਦਫਤਰ ਆਏ। ਉਕਤ ਲੋਕ ਆਫਿਸ 'ਚ ਆਉਂਦੇ ਹੀ ਧਮਕੀਆਂ ਦਿੰਦੇ ਹੋਏ ਗਾਲੀ-ਗਲੋਚ ਕਰਨ ਲੱਗ ਪਏ ਅਤੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ, ਜਿਸ 'ਤੇ ਉਸ ਨੇ ਪੁਲਸ ਕੰਟ੍ਰੋਲ ਰੂਮ 'ਤੇ ਸੂਚਿਤ ਕੀਤਾ ਤਾਂ ਪੀ. ਸੀ. ਆਰ. ਦਸਤਾ ਅਤੇ ਚੌਕੀ ਇੰਚਾਰਜ ਕੋਚਰ ਮਾਰਕੀਟ ਮੌਕੇ 'ਤੇ ਆ ਗਏ, ਜਿਨ੍ਹਾਂ ਨੇ ਮੌਕੇ 'ਤੇ ਹੀ ਲੋਕਾਂ ਨੂੰ ਸ਼ਾਂਤ ਕਰ ਦਿੱਤਾ ਅਤੇ ਸਾਰੇ ਉਨ੍ਹਾਂ ਦੇ ਦਫਤਰ ਤੋਂ ਬਾਹਰ ਚਲੇ ਗਏ।

## ਬਾਲੇਵਾਲ 'ਚ ਕਾਲਜ ਤੋਂ ਵਾਪਸ ਆਉਂਦੇ ਸਮੇਂ 12ਵੀਂ ਜਮਾਤ ਦੇ ਵਿਦਿਆਰਥੀ ਦੀ ਸ਼ੱਕੀ ਹਾਲਾਤਾਂ 'ਚ ਮੌਤ

ਪੁਲਿਸ ਨੇ ਜਾਂਚ ਸੁਰੂ ਕੀਤੀ ਤਾਂ ਪਿੰਡ ਵਾਸੀ ਉਸ ਨੂੰ ਬੀਮਾਰ ਹੋਣ 'ਤੇ ਹਸਪਤਾਲ ਲੈ ਗਏ ਸਨ।
ਥਾਣਾ ਮੁਖੀ ਨੇ ਦੱਸਿਆ ਕਿ ਅਸਲ ਕਾਰਨ ਪੋਸਟਮਾਰਟਮ ਤੋਂ ਬਾਅਦ ਪਤਾ ਲੱਗੇਗਾ।



ਪੰਜਾਬ ਦਾ ਖੁਲਾਸਾ

ਨੂਰਪੁਰ ਬੇਦੀ, 21 ਨਵੰਬਰ (ਦਲਜੀਤ ਚਨੌਲੀ) :- ਬਲਾਕ ਨੂਰਪੁਰ ਬੇਦੀ ਦੇ ਨਜਦੀਕੀ ਪਿੰਡ ਬਾਲੇਵਾਲ ਦੇ 12ਵੀਂ ਜਮਾਤ ਵਿੱਚ ਪੜਦੇ 18 ਸਾਲਾ ਨੌਜਵਾਨ ਦੀ ਕਾਲਜ ਤੋਂ ਘਰ ਪਰਤਦੇ ਸਮੇਂ ਭੇਤਭਰੇ ਹਾਲਾਤਾਂ ਵਿੱਚ ਮੌਤ ਹੋ ਗਈ। ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨਾਂ ਦਾ ਲੜਕਾ ਹਰਵਿੰਦਰ ਸਿੰਘ ਪੁੱਤਰ ਚਮਨ ਲਾਲ ਟਿੱਬਾ ਨੰਗਲ ਵਿਖੇ 12ਵੀਂ ਜਮਾਤ 'ਚ ਪੜਦਾ ਸੀ। ਵੀਰਵਾਰ ਦੁਪਹਿਰ 3:15 ਵਜੇ ਉਹ ਕਾਲਜ ਛੁੱਟੀ ਤੋਂ ਬਾਅਦ ਘਰ ਪਰਤ ਰਿਹਾ ਸੀ। ਇਸ ਦੌਰਾਨ ਉਸ ਨੂੰ ਇਕ ਵਿਅਕਤੀ ਦਾ ਫੋਨ ਆਇਆ, ਜਿਸ ਨੇ ਉਸ ਨੂੰ ਦੱਸਿਆ ਪਿੰਡ ਵਿੱਚ ਉਸ ਦੇ ਪੁੱਤਰ ਦੀ ਤਬੀਅਤ ਅਚਾਨਕ ਵਿਗੜ ਗਈ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਲੜਕੇ ਹਰਵਿੰਦਰ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਪਿੰਡ ਦੇ ਇੱਕ ਪ੍ਰਾਈਵੇਟ ਕਲੀਨਿਕ ਵਿੱਚ ਇਲਾਜ ਲਈ ਲੈ ਕੇ ਆਏ ਹਨ। ਇਸ ਤੋਂ ਬਾਅਦ ਉਹ ਮੌਕੇ 'ਤੇ ਪਹੁੰਚੇ ਅਤੇ ਉਸ ਨੂੰ ਨੂਰਪੁਰਬੇਦੀ ਦੇ ਇਕ ਨਿੱਜੀ ਹਸਪਤਾਲ 'ਚ ਲੈ ਗਏ। ਇੱਥੇ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਸਰਕਾਰੀ ਹਸਪਤਾਲ ਸਿੰਘਪੁਰ ਰੈਫਰ ਕਰ ਦਿੱਤਾ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਸਬੰਧੀ ਥਾਣਾ ਨੂਰਪੁਰ ਬੇਦੀ ਦੇ ਮੁਖੀ ਗੁਰਵਿੰਦਰ ਢਿੱਲੋਂ ਨੇ ਦੱਸਿਆ ਕਿ ਉਨਾਂ ਨੇ ਉਸ ਥਾਂ ਦਾ ਦੌਰਾ ਕੀਤਾ ਹੈ ਜਿੱਥੇ ਹਰਵਿੰਦਰ ਬੇਹੋਸ਼ੀ ਦੀ ਹਾਲਤ ਵਿੱਚ ਮਿਲਿਆ ਸੀ। ਇਹ ਸਥਾਨ ਕਾਲਜ ਤੋਂ ਲਗਭਗ 500 ਮੀਟਰ ਦੀ ਦੂਰੀ 'ਤੇ ਹੈ। ਉਨਾਂ ਕਿਹਾ ਕਿ ਉਹ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸੁਰੂ ਕਰ ਦਿੱਤੀ ਗਈ ਹੈ। ਫਿਲਹਾਲ ਲਾਸ਼ ਨੂੰ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਮੁਰਦਾਘਰ ਵਿਚ ਰਖਵਾਇਆ ਗਿਆ ਹੈ। ਦੂਜੇ ਪਾਸੇ ਮਾਪਿਆਂ ਦੇ ਬਿਆਨਾਂ ਤੋਂ ਬਾਅਦ ਪੁਲਿਸ ਵਲੋਂ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਨੌਜਵਾਨ ਦੀ ਮੌਤ ਦਾ ਅਸਲ ਕਾਰਨ ਪੋਸਟਮਾਰਟਮ ਤੋਂ ਬਾਅਦ ਹੀ ਪਤਾ ਲੱਗ ਸਕੇਗਾ। ਦੱਸਿਆ ਜਾ ਰਿਹਾ ਹੈ ਕਿ ਇਸ ਸਬੰਧੀ ਕੁਝ ਨੌਜਵਾਨਾਂ ਤੋਂ ਪੁੱਛਗਿੱਛ ਕੀਤੀ ਗਈ ਹੈ ਅਤੇ ਉਨਾਂ ਨੂੰ ਥਾਣੇ ਬੁਲਾਇਆ ਗਿਆ। ਹਾਲਾਂਕਿ ਪੁਲਿਸ ਦੇ ਕਹਿਣ ਤੋਂ ਬਾਅਦ ਹੀ ਇਸ ਬਾਰੇ ਕੁਝ ਸਪੱਸਟ ਹੋ ਸਕੇਗਾ।

ਡੱਬੀ ਲਈ :- ਕੀ ਕਹਿੰਦੇ ਹਨ ਥਾਣਾ ਮੁੱਖੀ ਗੁਰਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਹਰਵਿੰਦਰ ਸਿੰਘ ਉਰਫ ਹਰਸ਼ ਦੇ ਚਾਚੇ ਰਵਿੰਦਰ ਸਿੰਘ ਪੁੱਤਰ ਬਨਾਰਸੀ ਦਾਸ ਵਾਸੀ ਪਿੰਡ ਬਾਲੇਵਾਲ ਥਾਣਾ ਨੂਰਪੁਰ ਬੇਦੀ ਜਿਲਾ ਰੂਪਨਗਰ ਨੇ ਪੁਲਿਸ ਨੂੰ ਦਿੱਤੇ ਬਿਆਨਾ 'ਚ ਦੱਸਿਆ ਕਿ ਉਹ ਬਲੈਕ ਡੀਅਰ ਲੋਜੀਸਟਿਕ ਨਾਮ ਤੋਂ ਟਰਾਂਸਪੋਰਟ ਕੰਪਨੀ ਦਾ ਮਾਲਕ ਹੈ ਮੈਂ ਲੁਧਿਆਣੇ ਆਪਣੇ ਦਫਤਰ ਟਰਾਂਸਪੋਰਟ ਨਗਰ ਲੁਧਿਆਣਾ ਵਿਖੇ ਰਹਿੰਦਾ ਹਾਂ ਬੀਤੇ ਦਿਨ ਮੇਰੇ ਭਰਾ ਕੁੱਲਭੂਸਣ ਚੌਹਾਨ ਪੁੱਤਰ ਸੰਕਰ ਦਾਸ ਦਾ ਫੋਨ ਆਇਆ ਉਸ ਨੇ ਦੱਸਿਆ ਕਿ ਅੱਜ ਤੁਹਾਡੇ ਭਤੀਜੇ ਹਰਵਿੰਦਰ ਸਿੰਘ ਉਫ ਹਰਸ ਦਾ ਲਵਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ ਉਰਫ ਕੱਲੂ ਵਾਸੀ ਪਿੰਡ ਟਿੱਬਾ ਨੰਗਲ ਵੱਲੋਂ ਪੱਥਰ ਨਾਲ ਸੱਟ ਮਾਰ ਕੇ ਕਤਲ ਕਰ ਦਿੱਤਾ ਹੈ। ਰਵਿੰਦਰ ਸਿੰਘ ਨੇ ਦੱਸਿਆ ਕਿ ਮੇਰਾ ਭਤੀਜਾ ਹਰਵਿੰਦਰ ਸਿੰਘ ਉਫ ਹਰਸ ਖੇਡਾਂ ਵਿੱਚ ਵਧੀਆ ਖਿਡਾਰੀ ਸੀ ਜਿਸ ਕਰਕੇ ਲਵਦੀਪ ਸਿੰਘ ਉਸ ਨਾਲ ਅੰਦਰੋ ਰੰਜਿਸ ਰੱਖਦਾ ਸੀ ਜੋ ਕਿ ਮੇਰੇ ਭਤੀਜੇ ਹਰਵਿੰਦਰ ਸਿੰਘ ਉਹ ਹਰਸ਼ ਉਕਤ ਦੀ ਮੌਤ ਲਵਦੀਪ ਸਿੰਘ ਵੱਲੋਂ ਪੱਥਰ ਨਾਲ ਸਿਰ ਤੇ ਵਾਰ ਕਰਨ ਕਰਕੇ ਹੋਈ ਹੈ ਕਿਰਪਾ ਕਰਕੇ ਲਵਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ ਉਫ ਕੱਲੂ ਵਾਸੀ ਪਿੰਡ ਟਿੱਬਾ ਨੰਗਲ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ

## ਔਰਤ ਦੇ ਕਤਲ ਨੂੰ ਸੁਲਝਾਉਂਦਿਆਂ ਪੁਲਿਸ ਨੇ ਮੁੱਖ ਮੁਲਜ਼ਮ ਕੀਤਾ ਕਾਬੂ, ਇੱਕ ਫਰਾਰ

ਪੰਜਾਬ ਦਾ ਖੁਲਾਸਾ

ਜਲੰਧਰ 21 ਨਵੰਬਰ (ਅਮ੍ਰਿਤਪਾਲ ਸਿੰਘ)ਸਥਾਨਕ ਪੁਲੀਸ ਨੇ ਇੱਕ ਔਰਤ ਦੇ ਕਤਲ ਦੇ ਕੇਸ ਨੂੰ ਹੱਲ ਕਰਦਿਆਂ ਇੱਕ ਮੁਲਜ਼ਮ ਗ੍ਰਿਫ਼ਤਾਰ ਕੀਤਾ ਹੈ, ਜਦਕਿ ਉਸ ਦਾ ਸਾਥੀ ਫਰਾਰ ਹੈ। ਮਹਿਲਾ ਦੀ ਲਾਸ਼ ਬੀਤੇ ਦਿਨ ਛੱਪੜ ਕੋਲੋਂ ਮਿਲੀ ਸੀ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲੀਸ ਹਰਕਮਲਪ੍ਰੀਤ ਸਿੰਘ ਖੱਖ ਅਤੇ ਡੀਐੱਸਪੀ ਫਿਲੌਰ ਸਰਵਣ ਸਿੰਘ ਬੱਲ ਨੇ ਦੱਸਿਆ ਕਿ ਥਾਣਾ ਮੁਖੀ ਇੰਸਪੈਕਟਰ ਸੰਜੀਵ ਕਪੂਰ ਦੀ ਟੀਮ ਨੇ ਲਿਆਕਤ ਅਲੀ ਪੁੱਤਰ ਬਾਬੂਦੀਨ ਵਾਸੀ ਪਿੰਡ ਆਸ਼ਾਹੂਰ ਵੱਲੋਂ ਦਰਜ ਕੇਸ ਨੂੰ ਕੁੱਝ ਘੰਟਿਆਂ ਵਿੱਚ ਹੀ ਹੱਲ ਕਰ ਲਿਆ ਹੈ।ਲਿਆਕਤ ਅਲੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਪਤਨੀ ਸ਼ਕੂਰਾ ਦਵਾਈ ਲੈਣ ਲਈ ਬੰਗਾ ਗਈ ਸੀ ਪਰ ਘਰ ਵਾਪਸ ਨਹੀਂ ਆਈ।

ਪੁਲੀਸ ਨੇ ਜਾਂਚ ਉਪਰੰਤ ਲਿਆਕਤ ਅਲੀ ਉਰਫ ਬੱਚੀ ਪੁੱਤਰ ਮੁਹੰਮਦ ਸਫੀ ਵਾਸੀ ਗੜ੍ਹਾ ਥਾਣਾ ਫਿਲੌਰ ਨੂੰ ਗ੍ਰਿਫ਼ਤਾਰ ਕਰ ਲਿਆ, ਜਦਕਿ ਉਸ ਦੇ ਭਰਾ ਗਨੀ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਮੁੱਢਲੀ ਪੁੱਛ ਪੜਤਾਲ ਦੌਰਾਨ ਮੁਲਜ਼ਮ ਲਿਆਕਤ ਅਲੀ ਉਰਫ ਬੱਚੀ ਨੇ ਦੱਸਿਆ ਕਿ ਉਸ ਦੇ ਸ਼ਕੂਰਾ ਨਾਲ ਨਾਜਾਇਜ਼ ਸਬੰਧ ਸਨ। ਉਹ ਆਪਣੇ ਭਰਾ ਗਨੀ ਨਾਲ ਅੱਟਾ ਨਹਿਰ ਨੇੜੇ ਸ਼ਕੂਰਾ ਨੂੰ ਮਿਲਣ ਸੀ ਪਰ ਇਸ ਦੌਰਾਨ ਦੋਵਾਂ ਵਿਚਾਲੇ ਬਹਿਸ ਹੋ ਗਈ। ਲਿਆਕਤ ਅਲੀ ਨੇ ਸ਼ਕੂਰਾ ਦੀ ਚੁੰਨੀ ਨਾਲ ਉਸ ਦਾ ਗਲ੍ਹ ਘੁੱਟ ਕੇ ਮਾਰ ਦਿੱਤਾ ਅਤੇ ਭਰਾ ਦੀ ਮਦਦ ਨਾਲ ਲਾਸ਼ ਪਿੰਡ ਅੱਟਾ ਦੇ ਹੀ ਛੱਪੜ ਵਿੱਚ ਸੁੱਟ ਦਿੱਤੀ ਸੀ। ਉਸ ਨੇ ਸ਼ਕੂਰਾ ਦਾ ਅਤੇ ਆਪਣਾ ਮੋਬਾਈਲ ਫੋਨ ਤੋੜ ਦਿੱਤਾ ਸੀ। ਮੁਲਜ਼ਮ ਨੂੰ ਪੁਲੀਸ ਰਿਮਾਂਡ 'ਤੇ ਲਿਆ ਜਾਵੇਗਾ।

## ਵੰਦੇ ਭਾਰਤ ਤੋਂ ਕਰੋ ਕਸ਼ਮੀਰ ਦੀਆਂ ਖੂਬਸੂਰਤ ਵਾਦੀਆਂ ਦਾ ਦੌਰਾ, ਜਨਵਰੀ ਦੇ ਪਹਿਲੇ ਹਫ਼ਤੇ 'ਚ ਸ਼ੁਰੂ ਹੋ ਸਕਦੀ ਹੈ ਸੇਵਾ

ਪੰਜਾਬ ਦਾ ਖੁਲਾਸਾ

**ਜੰਮੂ, 21 ਨਵੰਬਰ** -ਅਗਲੇ ਸਾਲ ਜਨਵਰੀ ਦੇ ਮਹੀਨੇ ਜੰਮੂ-ਕਸ਼ਮੀਰ ਤੋਂ ਕਸ਼ਮੀਰ ਤੱਕ ਚੱਲਣ ਵਾਲੀ ਰੇਲਗੱਡੀ ਦੇਸ਼ ਵਾਸੀਆਂ ਲਈ ਨਵੇਂ ਸਾਲ ਦਾ ਤੋਹਫਾ ਹੋਵੇਗੀ। ਊਧਮਪੁਰ-ਸ਼੍ਰੀਨਗਰ-ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ ਦੇ ਜਨਵਰੀ 2025 ਤੱਕ ਚਾਲੂ ਹੋਣ ਦੀ ਉਮੀਦ ਹੈ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਨਵਰੀ ਮਹੀਨੇ ਵਿੱਚ ਕਸ਼ਮੀਰ ਨੂੰ ਨਵੀਂ ਦਿੱਲੀ ਨਾਲ ਜੋੜਨ ਵਾਲੀ ਵੰਦੇ ਭਾਰਤ ਐਕਸਪ੍ਰੈਸ ਨੂੰ ਹਰੀ ਝੰਡੀ ਦੇ ਸਕਦੇ ਹਨ। ਇਹ ਰੇਲ ਸੇਵਾ ਜਨਵਰੀ ਮਹੀਨੇ ਸ਼ੁਰੂ ਕੀਤੀ ਜਾਵੇਗੀ, ਇਸ ਦਾ ਅੰਤਿਮ ਫੈਸਲਾ ਅਜੇ ਨਹੀਂ ਲਿਆ ਗਿਆ ਹੈ।

ਵਰਤਮਾਨ ਵਿੱਚ ਰੇਲਵੇ ਮੰਤਰਾਲਾ ਊਧਮਪੁਰ-ਸ਼੍ਰੀਨਗਰ-ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ ਨੂੰ ਪੂਰਾ ਕਰਨ ਤੇ ਜੰਮੂ ਵਿੱਚ ਇੱਕ ਵੱਖਰਾ ਰੇਲਵੇ ਡਿਵੀਜ਼ਨ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਜੰਮੂ ਕਸ਼ਮੀਰ ਭਾਜਪਾ ਤੇ ਜੰਮੂ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਨੇ ਕੇਂਦਰੀ ਮੰਤਰੀ ਡਾ. ਜਤਿੰਦਰ ਸਿੰਘ ਰਾਹੀਂ ਰੇਲ ਮੰਤਰਾਲੇ ਨੂੰ ਇਸ ਸਬੰਧੀ ਪ੍ਰਸਤਾਵ ਭੇਜੇ ਸਨ। ਇਨ੍ਹਾਂ ਨੂੰ ਰੇਲਵੇ ਮੰਤਰਾਲੇ ਨੇ ਸਵੀਕਾਰ ਕਰ ਲਿਆ ਹੈ। ਹੁਣ ਰਸਮੀ ਹੁਕਮ ਦੀ ਉਡੀਕ ਹੈ।

ਪ੍ਰਧਾਨ ਮੰਤਰੀ ਦਫ਼ਤਰ ਵਿੱਚ ਰਾਜ ਮੰਤਰੀ ਡਾਕਟਰ ਜਤਿੰਦਰ ਸਿੰਘ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਜਨਵਰੀ 2025 ਵਿੱਚ ਕਸ਼ਮੀਰ ਤੱਕ ਰੇਲ ਸੇਵਾ ਸ਼ੁਰੂ ਕਰ ਸਕਦੇ ਹਨ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਰੇਲਵੇ ਸੇਵਾ ਦਾ ਉਦਘਾਟਨ ਕਿਸ ਦਿਨ ਹੋਵੇਗਾ। ਕਸ਼ਮੀਰ ਤੱਕ ਰੇਲ ਤੇ ਇਸ ਦੀ ਵੱਖਰੀ ਵੰਡ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਜੰਮੂ-ਕਸ਼ਮੀਰ ਵਿੱਚ ਰੇਲਵੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਕੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਨਵੇਂ ਸਾਲ ਵਿੱਚ ਪਹਿਲੀ ਵਾਰ ਕਸ਼ਮੀਰ ਨੂੰ ਰੇਲ ਨੈੱਟਵਰਕ ਰਾਹੀਂ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਿਆ ਜਾਵੇਗਾ। ਇਸ ਨਾਲ ਜੰਮੂ ਦੇਸ਼ ਦਾ ਅਹਿਮ ਰੇਲਵੇ ਜੰਕਸ਼ਨ ਬਣ ਜਾਵੇਗਾ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਹਾਲ ਹੀ ਵਿੱਚ ਊਧਮਪੁਰ-ਸ਼੍ਰੀਨਗਰ-ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ ਦਾ ਨਿਰੀਖਣ ਕੀਤਾ ਸੀ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਕਟੜਾ-ਕਸ਼ਮੀਰ ਟ੍ਰੈਕ 'ਤੇ ਟੈਸਟਿੰਗ ਦਸੰਬਰ ਮਹੀਨੇ 'ਚ ਕੀਤੀ ਜਾਵੇ।

ਇਸ ਨਾਲ ਜਨਵਰੀ ਮਹੀਨੇ ਵਿਚ ਕਸ਼ਮੀਰ ਨੂੰ ਨਵੀਂ ਦਿੱਲੀ ਨਾਲ ਰੇਲ ਰਾਹੀਂ ਜੋੜ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਇਸ ਨੂੰ ਦੇਸ਼ ਨੂੰ ਸਮਰਪਿਤ ਕਰਨਗੇ। ਇਸ ਪ੍ਰਾਜੈਕਟ ਦੇ ਛੇਤੀ ਮੁਕੰਮਲ ਹੋਣ ਨਾਲ ਜੰਮੂ-ਕਸ਼ਮੀਰ ਨੂੰ ਵੱਡਾ ਆਰਥਿਕ ਹੁਲਾਰਾ ਮਿਲੇਗਾ।

ਇਸ ਦੌਰਾਨ ਨਵੇਂ ਸਾਲ ਦੀ ਸ਼ੁਰੂਆਤ ਵਿੱਚ ਨਵੀਂ ਦਿੱਲੀ ਤੇ ਸ਼੍ਰੀਨਗਰ ਵਿਚਕਾਰ ਹਾਈ-ਸਪੀਡ ਵੰਦੇ ਭਾਰਤ ਸਲੀਪਰ ਟਰੇਨ ਦੀ ਸ਼ੁਰੂਆਤ ਜੰਮੂ-ਕਸ਼ਮੀਰ ਵਿੱਚ ਰੇਲ ਸੰਪਰਕ ਵਿੱਚ ਕ੍ਰਾਂਤੀ ਲਿਆਵੇਗੀ। ਯਾਤਰੀ 800 ਕਿਲੋਮੀਟਰ ਦਾ ਸਫਰ 13 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਪੂਰਾ ਕਰਨਗੇ। ਦਿੱਲੀ ਤੋਂ ਸ਼ਾਮ 7 ਵਜੇ ਦੀ ਇਸ ਰੇਲਗੱਡੀ ਵਿੱਚ ਸਫ਼ਰ ਕਰਨ ਵਾਲੇ ਯਾਤਰੀ ਸਵੇਰੇ 8 ਵਜੇ ਸ੍ਰੀਨਗਰ ਪਹੁੰਚਣਗੇ।

ਕਸ਼ਮੀਰ ਤੱਕ ਚੱਲਣ ਵਾਲੀ ਇਸ ਰੇਲਗੱਡੀ ਦੀਆਂ ਤਿੰਨ ਕਲਾਸਾਂ, ਏਸੀ ਫਸਟ ਕਲਾਸ, ਏਸੀ 2 ਟੀਅਰ ਅਤੇ ਏਸੀ 3 ਟੀਅਰ ਹੋਣਗੀਆਂ। ਇਨ੍ਹਾਂ ਦਾ ਕਿਰਾਇਆ 2 ਹਜ਼ਾਰ ਤੋਂ 3 ਹਜ਼ਾਰ ਤੱਕ ਹੋਵੇਗਾ। ਸਫ਼ਰ ਦੌਰਾਨ ਵੱਧ ਤੋਂ ਵੱਧ ਆਰਾਮ ਦੇਣ ਲਈ ਬਿਹਤਰ ਸਲੀਪਰ ਅਤੇ ਹੋਰ ਆਧੁਨਿਕ ਸਹੂਲਤਾਂ ਹੋਣਗੀਆਂ।

ਯਾਤਰਾ ਦੌਰਾਨ ਟਰੇਨ ਅੰਬਾਲਾ ਕੈਂਟ, ਲੁਧਿਆਣਾ, ਜੰਮੂ ਤਵੀ ਤੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਵਿਖੇ ਰੁਕਦੀ ਹੋਈ ਕਸ਼ਮੀਰ ਪਹੁੰਚੇਗੀ। ਅਜਿਹੇ 'ਚ ਇਸ ਪ੍ਰਾਜੈਕਟ ਨਾਲ ਜੰਮੂ-ਕਸ਼ਮੀਰ 'ਚ ਸੈਰ-ਸਪਾਟੇ ਤੇ ਵਪਾਰ ਨੂੰ ਹੁਲਾਰਾ ਮਿਲਣਾ ਯਕੀਨੀ ਹੈ।

## ਪੰਚਾਇਤੀ ਚੋਣਾਂ ਮੌਕੇ 15 ਲੱਖ ਰੁਪਏ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਐਸ.ਡੀ.ਓ ਤੇ ਖੇਤੀਬਾੜੀ ਸਬ-ਇਸਪੈਕਟਰ ਖਿਲਾਫ ਵਿਜੀਲੈਂਸ ਬਿਊਰੋ ਵੱਲੋਂ ਮੁਕੱਦਮਾ ਦਰਜ

ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ 21 ਨਵੰਬਰ (ਅਸ਼ੋਕ ਭਾਰਦਵਾਜ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੁਆਰਾ ਰਿਸ਼ਵਤਖੋਰੀ ਵਿਰੁੱਧ ਅਪਣਾਈ ਗਈ ਜ਼ੀਰੋ ਸਹਿਣਸ਼ੀਲਤਾ ਨੀਤੀ ਦੇ ਤਹਿਤ, ਪੰਜਾਬ ਵਿਜੀਲੈਂਸ ਬਿਊਰੋ ਨੇ ਨਹਿਰੀ ਵਿਭਾਗ ਫਿਰੋਜ਼ਪੁਰ ਦੇ ਐਸ.ਡੀ.ਓ ਗੁਲਾਬ ਸਿੰਘ ਅਤੇ ਖੇਤੀਬਾੜੀ ਵਿਭਾਗ ਫਿਰੋਜ਼ਪੁਰ ਦੇ ਸਬ-ਇੰਸਪੈਕਟਰ ਦਵਿੰਦਰ ਸਿੰਘ ਖਿਲਾਫ 15,00,000 ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਇਸ ਮਾਮਲੇ ਵਿੱਚ ਦੋਵੇਂ ਮੁਲਜ਼ਮ ਹਾਲ ਹੀ ਦੌਰਾਨ ਹੋਈਆਂ ਪੰਚਾਇਤ ਚੋਣਾਂ ਵੇਲੇ ਕ੍ਰਮਵਾਰ ਰਿਟਰਨਿੰਗ ਅਫਸਰ ਅਤੇ ਸਹਾਇਕ ਰਿਟਰਨਿੰਗ ਅਫਸਰ ਵਜੋਂ ਤਾਇਨਾਤ ਸਨ, ਜਿਨ੍ਹਾਂ ਨੇ ਇਕ ਸਰਪੰਚੀ ਦੇ ਉਮੀਦਵਾਰ ਤੋਂ ਇਹ ਰਿਸ਼ਵਤ ਲਈ ਸੀ। ਇਸ ਕੇਸ ਦੇ ਮੁੱਖ ਮੁਲਜ਼ਮ ਐਸ.ਡੀ.ਓ ਗੁਲਾਬ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਦੂਸਰੇ ਮੁਲਜ਼ਮ ਦੀ ਤਲਾਸ਼ ਕਰ ਰਹੀਆਂ ਹਨ। ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਫਿਰੋਜ਼ਪੁਰ ਜ਼ਿਲ੍ਹੇ ਦੇ ਬਲਾਕ ਘੱਲ ਖੁਰਦ ਦੇ ਪਿੰਡ ਮਾਨਾ ਸਿੰਘ ਵਾਲਾ ਦੇ ਕਿਸਾਨ ਗੁਰਪ੍ਰੀਤ ਸਿੰਘ ਵਲੋਂ ਮੁੱਖ ਮੰਤਰੀ ਦੀ ਐਂਟੀ-ਕਰੱਪਸ਼ਨ ਐਕਸ਼ਨ ਲਾਈਨ 'ਤੇ ਦਰਜ ਕੀਤੀ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਸ਼ਿਕਾਇਤ ਕਰਤਾ ਗੁਰਪ੍ਰੀਤ ਸਿੰਘ ਨੇ ਹਾਲ ਹੀ ਵਿੱਚ ਹੋਈਆਂ ਪੰਚਾਇਤ ਚੋਣਾਂ-2024 ਵਿੱਚ ਸਰਪੰਚ ਦੇ ਪਦ ਲਈ ਆਪਣੇ ਨਾਮਜ਼ਦਗੀ ਪੱਤਰ ਭਰੇ ਸਨ। ਸ਼ਿਕਾਇਤ ਅਨੁਸਾਰ, ਘੱਲ ਖੁਰਦ ਬਲਾਕ ਵਿੱਚ ਰਿਟਰਨਿੰਗ ਅਫਸਰ ਵਜੋਂ ਤਾਇਨਾਤ ਐਸ.ਡੀ.ਓ ਗੁਲਾਬ ਸਿੰਘ ਨੇ 04.10.2024 ਨੂੰ ਉਕਤ ਸਬ-ਇੰਸਪੈਕਟਰ ਦਵਿੰਦਰ ਸਿੰਘ, ਸਹਾਇਕ ਰਿਟਰਨਿੰਗ ਅਫਸਰ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 10,00,000 ਰੁਪਏ ਰਿਸ਼ਵਤ ਵਜੋਂ ਮੰਗੀ ਅਤੇ ਪ੍ਰਾਪਤ ਕੀਤੀ। ਇਸ ਤੋਂ ਇਲਾਵਾ, 05.10.2024 ਨੂੰ ਗੁਲਾਬ ਸਿੰਘ ਵੱਲੋਂ ਇਕ ਅਣਪਛਾਤੇ ਵਿਅਕਤੀ ਨੇ ਬਾਗੀ ਰੋਡ ਫਿਰੋਜ਼ਪੁਰ ਨੇੜੇ ਪੈਟਰੋਲ ਪੰਪ 'ਤੇ 5,00,000 ਰੁਪਏ ਹੋਰ ਲੈ ਲਏ।



ਐਸ.ਡੀ.ਓ ਗ੍ਰਿਫਤਾਰ, ਵਿਜੀਲੈਂਸ ਵੱਲੋਂ ਦੂਜੇ ਦੋਸ਼ੀ ਦੀ ਭਾਲ ਜਾਰੀ

ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਰਿਸ਼ਵਤ ਦੇ ਬਾਵਜੂਦ ਉਸਦੇ ਸਰਪੰਚੀ ਦੇ ਕਾਗਜ਼ 06.10.2024 ਨੂੰ ਰੱਦ ਕਰ ਦਿੱਤੇ ਗਏ। ਬਾਅਦ ਵਿੱਚ, ਉਪਰੋਕਤ ਸਬ-ਇੰਸਪੈਕਟਰ ਦਵਿੰਦਰ ਸਿੰਘ ਨੇ ਐਸ.ਡੀ.ਓ ਗੁਲਾਬ ਸਿੰਘ ਨਾਲ ਪੈਸੇ ਵਾਪਸ ਕਰਨ ਸਬੰਧੀ ਗੱਲ ਕੀਤੀ। ਇਹ ਗੱਲਬਾਤ ਦਵਿੰਦਰ ਸਿੰਘ ਨੇ ਆਪਣੇ ਮੋਬਾਈਲ 'ਤੇ ਰਿਕਾਰਡ ਕਰਕੇ ਸ਼ਿਕਾਇਤਕਰਤਾ ਨੂੰ ਭੇਜ ਦਿੱਤੀ ਜਿਸ ਨੂੰ ਉਸਨੇ ਵਿਜੀਲੈਂਸ ਬਿਊਰੋ ਨੂੰ ਬਤੌਰ ਸਬੂਤ ਵਜੋਂ ਸੌਂਪ ਦਿੱਤਾ।ਬੁਲਾਰੇ ਨੇ ਦੱਸਿਆ ਕਿ ਰਿਕਾਰਡਿੰਗ 'ਚ ਇਹ ਸਾਹਮਣੇ ਆਇਆ ਕਿ ਮੁਲਜ਼ਮ ਗੁਲਾਬ ਸਿੰਘ ਅਤੇ ਦਵਿੰਦਰ ਸਿੰਘ ਨੇ ਮਿਲੀਭੁਗਤ ਕਰਕੇ ਸ਼ਿਕਾਇਤਕਰਤਾ ਤੋਂ ਇਹ ਰਿਸ਼ਵਤ ਦੀ ਰਕਮ ਲੈਣ ਦੀ ਸਾਜ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਪੜਤਾਲ ਦੇ ਆਧਾਰ 'ਤੇ ਦੋਵੇਂ ਮੁਲਜ਼ਮਾਂ, ਗੁਲਾਬ ਸਿੰਘ ਐਸ.ਡੀ.ਓ ਅਤੇ ਦਵਿੰਦਰ ਸਿੰਘ ਸਬ-ਇੰਸਪੈਕਟਰ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਵਿਜੀਲੈਂਸ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਦੋਸ਼ੀ ਐਸ.ਡੀ.ਓ ਗੁਲਾਬ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਦੂਸਰੇ ਦੋਸ਼ੀ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇਗਾ। ਇਸ ਮੁਕੱਦਮੇ ਦੀ ਹੋਰ ਜਾਂਚ ਜਾਰੀ ਹੈ।

## ਫਿਰ ਹੋਇਆ ਅੱਤਵਾਦੀ ਹਮਲਾ, ਚਲਾਈਆਂ ਗੋਲੀਆਂ, 38 ਵਿਅਕਤੀਆਂ ਦੀ ਮੌਤ

ਪੰਜਾਬ ਦਾ ਖੁਲਾਸਾ

**ਨਵੀਂ ਦਿੱਲੀ** : ਗੁਆਂਢੀ ਦੇਸ਼ ਪਾਕਿਸਤਾਨ ਤੋਂ ਇਕ ਵਾਰ ਫਿਰ ਅੱਤਵਾਦੀ ਹਮਲੇ ਦੀ ਖ਼ਬਰ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਉੱਤਰੀ-ਪੱਛਮੀ ਪਾਕਿਸਤਾਨ ਦੇ ਕਬਾਇਲੀ ਇਲਾਕੇ 'ਚ ਵੀਰਵਾਰ ਨੂੰ ਇਕ ਯਾਤਰੀ ਵੈਨ 'ਤੇ ਬੰਦੂਕ ਨਾਲ ਕੀਤੇ ਗਏ ਹਮਲੇ 'ਚ ਘੱਟੋ-ਘੱਟ 38 ਲੋਕ ਮਾਰੇ ਗਏ। ਕਈ ਲੋਕਾਂ ਦੇ ਜ਼ਖਮੀ ਹੋਣ ਦੀ ਵੀ ਸੂਚਨਾ ਹੈ।



ਮੁੱਢਲੀ ਜਾਣਕਾਰੀ ਮੁਤਾਬਕ ਇਹ ਹਮਲਾ ਕੁਰੱਮ ਦੇ ਪਾਰਾਚਿਨਾਰ ਤੋਂ ਕਾਫ਼ਲੇ ਵਿਚ ਜਾ ਰਹੀ ਇਕ ਯਾਤਰੀ ਵੈਨ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਹਮਲੇ ਦੀ ਪੁਸ਼ਟੀ ਖ਼ੈਬਰ ਪਖਤੂਨਖਵਾ ਦੇ ਮੁੱਖ ਸਕੱਤਰ ਨਦੀਮ ਅਸਲਮ ਚੌਧਰੀ ਨੇ ਕੀਤੀ। ਪਾਕਿਸਤਾਨ 'ਚ ਇਸ ਘਟਨਾ ਦੀ ਅਜੇ ਤੱਕ ਕਿਸੇ ਅੱਤਵਾਦੀ ਸਮੂਹ ਨੇ ਜ਼ਿੰਮੇਵਾਰੀ ਨਹੀਂ ਲਈ ਹੈ।

ਪਰਚਿਨਾਰ ਦੇ ਸਥਾਨਕ ਨਿਵਾਸੀ ਜ਼ਿਆਰਤ ਹੁਸੈਨ ਨੇ ਨਿਊਜ਼ ਏਜੰਸੀ ਰਾਇਟਰਜ਼ ਨਾਲ ਫੋਨ 'ਤੇ ਗੱਲ ਕਰਦੇ ਹੋਏ ਕਿਹਾ ਕਿ ਯਾਤਰੀ ਵਾਹਨਾਂ ਦੇ ਦੋ ਕਾਫਲੇ ਸੀ, ਇਕ ਯਾਤਰੀਆਂ ਨੂੰ ਪੇਸ਼ਾਵਰ ਤੋਂ ਪਰਚਿਨਾਰ ਅਤੇ ਦੂਜਾ ਪਰਚਿਨਾਰ ਤੋਂ ਪੇਸ਼ਾਵਰ ਲੈ ਕੇ ਜਾ ਰਿਹਾ ਸੀ, ਜਦੋਂ ਹਥਿਆਰਬੰਦ ਵਿਅਕਤੀਆਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ।

## ਫ਼ਤਾਹਪੁਰ ਖੇਤਰ ਦੇ ਦੋ ਡਿਪੂ ਸਸਪੈਂਡ ਹੋਣ ਦੇ ਬਾਵਜੂਦ ਵੀ ਲੋਕਾਂ ਦਾ ਰੋਸ ਨਹੀਂ ਹੋਇਆ ਖਤਮ, ਸਰਕਾਰ ਤੋਂ ਡਿਪੋ ਹੋਲਡਰਾਂ ਦੇ ਲਾਇਸੰਸ ਰੱਦ ਕਰਵਾਉਣ ਦੀ ਮੰਗ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ 21 ਨਵੰਬਰ (ਦਿਨੇਸ਼ ਸੋਨੀ)** ਪੰਜਾਬ ਸਰਕਾਰ ਵਲੋਂ ਲਾਭਪਾਤਰੀਆਂ ਨੂੰ ਮੁਫ਼ਤ ਰਾਸ਼ਨ ਬਿਨਾ ਕਿਸੇ ਪਰੇਸ਼ਾਨੀ ਦੇਣ ਦੇ ਕਾਫੀ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਜਦੋਂ ਹੇਠਲੇ ਪੱਧਰ 'ਤੇ ਵੇਖਿਆ ਜਾਂਦਾ ਹੈ ਤਾਂ ਫੂਡ ਸਿਵਲ ਸਪਲਾਈ ਵਿਭਾਗ ਹਮੇਸ਼ਾ ਹੀ ਗੇਂਹੂ ਵਿੱਚ ਵੱਡੀਆਂ ਤੋਂ ਵੱਡੀਆਂ ਧੰਧਲੀਆਂ ਕਾਰਨ ਆਏ ਦਿਨ ਗੰਭੀਰ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਅਜਿਹਾ ਹੀ ਇਕ ਮਾਮਲਾ ਅੰਮ੍ਰਿਤਸਰ ਜ਼ਿਲ੍ਹੇ ਦੇ ਫਤਾਹਪੁਰ ਖੇਤਰ ਵਿੱਚ ਦੇਖਣ ਨੂੰ ਮਿਲਿਆ ਸੀ। ਉੱਥੇ ਦੇ ਗਰੀਬ ਲੋਕਾਂ ਦੀਆਂ ਕਾਫੀ ਸ਼ਿਕਾਇਤਾਂ ਸਨ ਕਿ ਸਾਨੂੰ ਘੱਟ ਗੇਂਹੂ ਮਿਲ ਰਿਹਾ ਹੈ ਅਤੇ ਸਾਡੀ ਕਿਤੇ ਵੀ ਸੁਣਵਾਈ ਨਹੀਂ ਹੋ ਰਹੀ। ਜਦੋਂ ਪੱਤਰਕਾਰਾਂ ਦੀ ਟੀਮ ਉੱਥੇ ਮੌਕੇ 'ਤੇ ਪਹੁੰਚੀ ਤਾਂ ਉੱਥੇ ਦੇ ਗਰੀਬ ਲੋਕਾਂ ਮਨਜੀਤ ਕੌਰ, ਹਰਜਿੰਦਰ ਕੌਰ, ਦਲਜੀਤ ਕੌਰ, ਬਲਵਿੰਦਰ ਕੌਰ, ਦਲਬੀਰ ਕੌਰ, ਜਿਨੀ, ਕਰਮਜੀਤ ਕੌਰ, ਸਤਨਾਮ ਸਿੰਘ, ਸਤਪਾਲ, ਹਰਦੀਪ ਸਿੰਘ, ਮੁੰਨਾ ਸਿੰਘ, ਅਮਰੀਕੋ, ਰਾਜ ਕੌਰ, ਕੁਲਦੀਪ ਕੌਰ, ਗੁਰਮੀਤ ਕੌਰ ਨੂੰ ਘੱਟ ਗੇਂਹੂ ਵੰਡਿਆ ਜਾ ਰਿਹਾ ਸੀ ਅਤੇ ਲੋਕਾਂ ਵਿੱਚ ਕਾਫੀ ਤ੍ਰਾਹਿ ਤ੍ਰਾਹਿ ਮਚੀ ਹੋਈ ਸੀ ਅਤੇ ਮੌਜੂਦਾ ਸਰਕਾਰ ਪ੍ਰਤੀ ਲੋਕਾਂ ਵਿੱਚ ਕਾਫੀ ਰੋਸ਼ ਸੀ। ਉੱਥੇ ਮੌਜੂਦ ਲੋਕਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਸਾਨੂੰ ਪ੍ਰਤੀ ਮੈਂਬਰ 2 ਤੋਂ 3 ਕਿਲੋ ਕਣਕ ਹਰ ਵਾਰ ਘੱਟ ਮਿਲਦੀ ਹੈ। ਜਦੋਂ ਇਸ ਵਿਸ਼ੇ ਵਿੱਚ ਡਿਪੋ ਹੋਲਡਰ ਵਿਜੇ ਸ਼ਰਮਾ ਨੰਬਰ: - 104901900025 ਅਤੇ ਲਖਵਿੰਦਰ ਸਿੰਘ ਲਖਾ ਡਿਪੂ ਨੰਬਰ 104901900026 ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਸਾਨੂੰ ਗੋਦਾਮਾਂ ਤੋਂ ਘੱਟ ਕਣਕ ਮਿਲਦੀ ਹੈ ਅਤੇ ਇਸ ਲਈ ਅਸੀਂ ਲਾਭਪਾਤਰੀਆਂ ਨੂੰ ਘੱਟ ਕਣਕ ਦੇਣ ਲਈ ਮਜ਼ਬੂਰ ਹਾਂ। ਇਸੀ ਦੇ ਨਾਲ ਹੀ ਦੋਨੋ ਡਿਪੂ ਹੋਲਡਰਾਂ ਨੇ ਦੱਸਿਆ ਕਿ ਸਰਕਾਰ ਦੇ ਹੁਕਮਾਂ ਅਨੁਸਾਰ ਟਰਾਲੀ ਦੀ ਲੋਡਿੰਗ ਅਤੇ ਅਨਲੋਡਿੰਗ ਡਿਪੋ ਹੋਲਡਰ ਦੇ ਸਾਹਮਣੇ ਹੋਣੀ ਚਾਹੀਦੀ ਹੈ ਪਰ ਸਾਡੇ ਜਾਣ ਤੋਂ ਪਹਿਲਾਂ ਹੀ ਟਰਾਲੀ ਨੂੰ ਲੋਡ ਕਰ ਦਿੱਤਾ ਜਾਂਦਾ ਹੈ ਅਤੇ ਕਣਕ ਨੂੰ ਲੋਡ ਕਰਨ ਤੋਂ ਪਹਿਲਾਂ ਹੀ ਵੱਡੀ ਮਾਤਰਾ ਵਿੱਚ ਪਾਣੀ ਲਾਇਆ ਜਾਂਦਾ ਹੈ ਅਤੇ ਜਿਸ ਕੰਢੇ 'ਤੇ ਕਣਕ ਦਾ ਵਜ਼ਨ ਕੀਤਾ ਜਾਂਦਾ ਹੈ ਉਸਨੂੰ 3 ਤੋਂ 5 ਕਿੰਵਟਲ ਸੈਟ ਕੀਤਾ ਜਾਂਦਾ ਹੈ ਜਿਸ ਨਾਲ ਸਾਨੂੰ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ ਅਤੇ ਇਸੇ ਤਰ੍ਹਾਂ ਸਰਕਾਰ ਵਲੋਂ ਦਿੱਤਾ ਜਾ ਰਿਹਾ ਪ੍ਰਤੀ ਬੋਰੀ 600 ਗ੍ਰਾਮ ਵਜ਼ਨ ਨਹੀਂ ਦਿੱਤਾ ਜਾਂਦਾ। ਇਸ ਸਮੱਸਿਆ ਤੋਂ ਛੁਟਕਾਰਾ ਹਾਸਲ ਕਰਨ ਲਈ ਜਦੋਂ ਅਸੀਂ ਅੰਮ੍ਰਿਤਸਰ ਦੇ ਫੂਡ ਸਿਵਲ ਸਪਲਾਈ ਦਫਤਰ ਵਿੱਚ ਕੁਝ ਉੱਚ ਅਧਿਕਾਰੀਆਂ ਨਾਲ ਗੱਲ ਕਰਦੇ ਹਾਂ ਤਾਂ ਉਹ ਸਾਡੇ ਡਿਪੂ ਨੂੰ ਸਸਪੈਂਡ ਜਾਂ ਰੱਦ ਕਰਨ ਦਾ ਹਵਾਲਾ ਦੇ ਕੇ ਸਾਨੂੰ ਖਰਾਬ, ਘੱਟ ਗੇਂਹੂ ਲੈਣ ਲਈ ਮਜਬੂਰ ਕਰਦੇ ਹਨ। ਇਸ ਸੰਬੰਧ ਵਿੱਚ ਵਿਭਾਗ ਵਲੋਂ ਡਿਪੂ ਹੋਲਡਰਾਂ ਨੂੰ ਤੁਰੰਤ ਸਸਪੈਂਡ ਕਰ ਦਿੱਤਾ ਗਿਆ ਸੀ ਪਰ ਡਿਪੂ ਸਸਪੈਂਡ ਹੋਣ ਦੇ ਬਾਵਜੂਦ ਵੀ ਲੋਕਾਂ ਦਾ ਰੋਸ਼ ਘੱਟ ਨਹੀਂ ਹੋ ਰਿਹਾ ਹੈ। ਡਿਪੂ ਹੋਲਡਰਾਂ ਨੇ ਕਣਕ ਵਿੱਚ ਇੰਨੀ ਜਿਆਦਾ ਧਾਂਧਲੀ ਕੀਤੀ ਹੈ ਕਿ ਲੋਕਾਂ ਦਾ ਕਹਿਣਾ ਹੈ ਕਿ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਭੇਜ ਕੇ ਇਨ੍ਹਾਂ ਦੋਨੋ ਦੀ ਜਾਂਚ ਕੀਤੀ ਜਾਵੇ ਅਤੇ ਇਹ ਡਿਪੂ ਹੋਲਡਰ ਵਿਭਾਗ ਵਲੋਂ ਘੱਟ ਗੇਂਹੂ ਦੇਣ ਦਾ ਦਾਅਵਾ ਕਰਦੇ ਹਨ ਉਹਨਾਂ ਅਧਿਕਾਰੀਆਂ ਅਤੇ ਗੋਦਾਮਾਂ ਦੀ ਜਾਂਚ ਕਰਵਾਈ ਜਾਵੇ। ਹੁਣ ਦੇਖਣਾ ਇਹ ਹੈ ਕਿ ਇਸ ਵਾਰ ਵਿਭਾਗ ਇਹਨਾਂ ਭ੍ਰਿਸ਼ਟ ਡਿਪੂ ਹੋਲਡਰਾਂ ਨੂੰ ਸਪਲਾਈ ਕਰਦਾ ਹੈ ਜਾਂ ਨਹੀਂ ਅਤੇ ਲੋਕਾਂ ਦਾ ਵੀ ਇਹੀ ਕਹਿਣਾ ਹੈ ਕਿ ਜੇਕਰ ਇਹਨਾਂ ਦੀ ਸਪਲਾਈ ਚਾਲੂ ਕੀਤੀ ਤਾਂ ਅਸੀਂ ਰੋਸ਼ ਪ੍ਰਦਰਸ਼ਨ ਕਰ ਕੇ ਵਿਭਾਗ ਦਾ ਘੇਰਾਓ ਕਰਾਂਗੇ।



ਪੰਜਾਬ ਦਾ ਖੁਲਾਸਾ

ਸ਼ੁੱਕਰਵਾਰ 22 ਨਵੰਬਰ 2024

### ਮਾਮਲਾ ਗੁਰੂ ਨਾਨਕ ਸਾਹਿਬ ਜੀ ਦੀ ਨਕਲ ਕਰਨ ਦਾ

# ਜਦੋਂ ਸਿੱਖ ਰਹੁ ਰੀਤਾਂ ਮੁਤਾਬਕ ਸਜ਼ਾ ਦਿੰਦੇ ਹਨ ਫਿਰ ਦੁਨੀਆ ਗੁੱਸਾ ਕਰਦੀ ਹੈ: ਬਾਬਾ ਜਗਰੂਪ ਸਿੰਘ

ਪੰਜਾਬ ਦਾ ਖੁਲਾਸਾ

**ਬਠਿੰਡਾ 21 ਨਵੰਬਰ (ਸੁਰਿੰਦਰਪਾਲ ਸਿੰਘ):** ਸਿੱਖ ਵਿਰੋਧੀ ਤਾਕਤਾਂ ਵੱਲੋਂ ਹਮੇਸ਼ਾ ਹੀ ਸਿੱਖੀ ਸਿਧਾਂਤਾਂ ਗੁਰੂ ਸਾਹਿਬਾਨਾਂ ਦੇ ਖਿਲਾਫ਼ ਕੂੜ ਪ੍ਰਚਾਰ ਕੀਤਾ ਜਾਂਦਾ ਹੈ ਤੇ ਉਹਨਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਇਸੇ ਤਰ੍ਹਾਂ ਦੀ ਹੀ ਇੱਕ ਵੀਡੀਓ ਸਾਹਮਣੇ ਆਈ ਹੈ,ਜਿਸ ਵਿੱਚ ਇੱਕ ਸਿਰ ਫਿਰਿਆ ਵਿਅਕਤੀ ਗੁਰੂ ਨਾਨਕ ਸਾਹਿਬ ਜੀ ਦੀ ਨਕਲ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕੁਰਸੀ ਤੇ ਬੈਠ ਜਾਂਦਾ ਹੈ ਜੋ ਕਿ ਸਹਿਣ ਯੋਗ ਨਹੀਂ,ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਾਬਾ ਜਗਰੂਪ ਸਿੰਘ ਬੁੱਗਰਾਂ ਨੇ ਕੀਤਾ। ਉਹਨਾਂ ਕਿਹਾ ਕਿ ਅਜਿਹੀਆਂ ਕਰਤੂਤਾਂ ਜਾਣ ਬੁਝ ਕੇ ਸਿੱਖਾਂ ਨੂੰ ਚੜਾਉਣ ਵਾਸਤੇ ਕੀਤੀਆਂ ਜਾ ਰਹੀਆਂ ਹਨ ਤੇ ਸਿੱਖਾਂ ਨੂੰ ਨੀਵਾਂ ਦਿਖਾਇਆ ਜਾਵੇ,ਇਸ ਲਈ ਸਿੱਖ ਵਿਰੋਧੀ ਤਾਕਤਾਂ ਹਮੇਸ਼ਾ ਸਰਗਰਮ ਰਹਿੰਦੀਆਂ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਸਿੱਖ ਪਾਣੀ ਦੇ ਵਾਂਗ ਹਨ



ਜੋ ਉਹ ਹਮੇਸ਼ਾ ਸ਼ਾਂਤ ਰਹਿੰਦੇ ਹਨ ਪਰ ਜੇ ਅੱਗ ਲਾਈ ਜਾਵੇ ਤਾਂ ਉਹ ਉਬਲ ਵੀ ਪੈਂਦੇ ਹਨ ਤੇ ਫਿਰ ਅੱਗ ਨੂੰ ਅਖੀਰ ਬੁਝਣਾ ਪੈਂਦਾ ਹੈ।

ਉਹਨਾਂ ਕਿਹਾ ਕਿ ਜਦੋਂ ਅਜਿਹੇ ਵਿਅਕਤੀਆਂ ਦਾ ਸਿੱਖ ਰਹੁ ਰੀਤਾਂ ਦੇ ਮੁਤਾਬਿਕ ਸੋਧਾ ਲੱਗਦਾ ਹੈ ਤਾਂ ਫਿਰ ਦੁਨੀਆ ਚੀਕਾਂ ਮਾਰਦੀ ਹੈ ਕਿ ਸਿੱਖਾਂ ਨੇ ਇਸ ਤਰ੍ਹਾਂ ਕਿਉਂ ਕੀਤਾ ? ਉਹਨਾਂ ਕਿਹਾ ਕਿ ਦੁਨੀਆ ਭਰ ਵਿੱਚ ਸਿੱਖਾਂ ਦੇ ਮੁਕਾਬਲੇ ਕੋਈ ਕੌਮ ਨਹੀਂ ਕਿਉਂਕਿ ਸਿੱਖਾਂ ਨੇ ਹਮੇਸ਼ਾ ਹੀ ਨੇ ਦੁਨੀਆਂ ਦਾ ਭਲਾ ਕੀਤਾ ਹੈ, ਭਾਰਤ ਹੋਵੇ ਜਾਂ ਕੋਈ ਹੋਰ ਹੋਰ ਦੇਸ਼। ਬਾਬਾ ਜਗਰੂਪ ਸਿੰਘ ਨੇ ਕਿਹਾ ਕਿ ਜੇਕਰ ਭਾਰਤ ਦੀ ਗੱਲ ਕਰੀਏ ਤਾਂ ਆਜ਼ਾਦੀ ਤੋਂ ਪਹਿਲਾਂ ਤੇ ਆਜ਼ਾਦੀ ਤੋਂ ਬਾਅਦ ਸਿੱਖਾਂ ਨੇ ਜੋ ਕੁਰਬਾਨੀਆਂ ਭਾਰਤ ਲਈ ਕੀਤੀਆਂ ਹਨ, ਉਹ ਹੋਰ ਕਿਸੇ ਜਾਤ,ਧਰਮ ਜਾਂ ਫਿਰਕੇ ਵਾਲੇ ਲੋਕਾਂ ਨੇ ਨਹੀਂ ਕੀਤੀਆਂ ਪਰ ਫਿਰ ਸਿੱਖਾਂ ਨੂੰ ਹਮੇਸ਼ਾ ਬਦਨਾਮ ਕੀਤਾ ਜਾਂਦਾ ਹੈ ਜੋ ਕਿ ਬਰਦਾਸ਼ਯੋਗ ਨਹੀਂ।

ਉਹਨਾਂ ਸਖਤ ਲਹਿਜੇ ਵਿੱਚ ਕਿਹਾ ਕਿ ਅਜਿਹੇ ਸਿਰਫਿਰੇ ਲੋਕ ਆਪਣੀਆਂ ਭੈੜੀਆਂ ਕਰਤੂਤਾਂ ਤੋਂ ਵਾਜ ਆਉਣ ਤੇ ਨਹੀਂ ਤਾਂ ਫਿਰ ਉਹਨਾਂ ਨਾਲ ਸਿੱਖਾਂ ਦੀ ਰਹਰੀਤੀ ਦੇ ਮੁਤਾਬਿਕ ਹੀ ਨਿਬੜਿਆ ਜਾਵੇਗਾ।

# ਸਿੱਖ ਗੁਰੂ ਸਾਹਿਬਾਨ ਦੀ ਵੇਸ਼ਭੂਸ਼ਾ ਦਾ ਸ੍ਵਾਂਗ ਰਚਾਉਣ ਵਾਲਿਆਂ 'ਤੇ ਹੋਵੇ ਮਿਸਾਲ ਦਾਇਕ ਕਾਰਵਾਈ :ਡਾ.ਵਿਜੇ ਸਤਬੀਰ ਸਿੰਘ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ21 ਨਵੰਬਰ (ਦਿਨੇਸ਼ ਸੋਨੀ)** ਗੁਰਦੁਆਰਾ ਤਖ਼ਤ ਸੱਚਖੰਡ ਬੋਰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾਕਟਰ ਵਿਜੇ ਸਤਬੀਰ ਸਿੰਘ ਸਾਬਕਾ ਆਈ.ਏ.ਐਸ , ਨੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਬੀਤੇ ਦਿਨੀਂ ਇੱਕ ਧਾਰਮਿਕ ਕਹੇ ਜਾਣ ਵਾਲੇ ਪ੍ਰੋਗਰਾਮ ਵਿੱਚ ਜਿਸ ਤਰ੍ਹਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਵੇਸ਼ਭੂਸ਼ਾ ਧਾਰਨ ਕਰਨ ਦਾ ਸ੍ਵਾਂਗ ਰਚਾਉਣ ਦੀ ਗੁਸਤਾਖੀ ਕੀਤੀ ਹੈ,ਦਾ ਪੁਰਜੋਰ ਵਿਰੋਧ ਦਰਜ਼ ਕਰਵਾਇਆ ਹੈ ਇੱਥੇ ਇਹ ਜ਼ਿਕਰਯੋਗ ਹੈ ਕਿ ਇੱਕ ਧਾਰਮਿਕ ਪ੍ਰੋਗ੍ਰਾਮ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਰਗੀ ਪ੍ਰਚਲਤ ਦਿੱਖ , ਹੱਥ ਵਿੱਚ ਕਮੰਡਲ ਵਾਲੀ ਇੱਕ



ਇਤਰਾਜ਼ਯੋਗ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਹੈ । ਇਹ ਜਾਣਕਾਰੀ ਮਿਲਣ 'ਤੇ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾਕਟਰ ਵਿਜੇ ਸਤਬੀਰ ਸਿੰਘ ਤੇ ਸਰਦਾਰ ਜਸਵੰਤ ਸਿੰਘ ਬੌਬੀ ਨੇ ਜਿਥੇ ਇਸ ਗੰਭੀਰ ਸੰਵੇਦਨਸ਼ੀਲ ਮੁੱਦੇ ਤੇ ਗਹਿਰੀ ਚਿੰਤਾ ਜ਼ਾਹਿਰ ਕੀਤੀ ਹੈ, ਉਥੇ ਉਨ੍ਹਾਂ ਨੇ ਸੁਪਰਡੈਂਟ ਗੁਰਦੁਆਰਾ ਸੱਚਖੰਡ ਬੋਰਡ ਰਾਹੀਂ ਨਾਂਦੇੜ ਜ਼ਿਲ੍ਹਾ ਕੁਲੈਕਟਰ ਤੇ ਪੁਲੀਸ ਪ੍ਰਸ਼ਾਸਨ ਪਾਸ ਸ਼ਿਕਾਇਤ ਵੀ ਦਰਜ ਕਰਵਾ ਦਿੱਤੀ ਹੈ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਅਜਿਹੇ ਸਮਾਜ ਵਿਰੋਧੀ, ਆਪਸੀ ਭਾਈਚਾਰਕ ਸਾਂਝ ਨੂੰ ਨਿਸ਼ਾਨਾ ਬਣਾਉਣ ਵਾਲੇ ਅਨਸਰਾਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ । ਡਾਕਟਰ ਵਿਜੇ ਸਤਬੀਰ ਸਿੰਘ ਨੇ ਇਹ ਵੀ ਕਿਹਾ ਕਿ ਇਸ ਗੰਭੀਰ ਮਸਲੇ ਪ੍ਰਤੀ ਉਹ ਕਾਨੂੰਨੀ ਮਾਹਿਰਾਂ ਨਾਲ ਵੀ ਸੰਪਰਕ ਵਿੱਚ ਹਨ ਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ 'ਤੇ ਅਦਾਲਤੀ ਕਾਰਵਾਈ ਵੀ ਕੀਤੀ ਜਾਵੇਗੀ।

# ਗਿੱਦੜਬਾਹਾ ਜਿਮਨੀ ਚੋਣ ਅਮਨ ਸ਼ਾਂਤੀ ਨਾਲ ਸੰਪੰਨ

ਪੰਜਾਬ ਦਾ ਖੁਲਾਸਾ

**ਗਿੱਦੜਬਾਹਾ, 21 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)** – ਗਿੱਦੜਬਾਹਾ ਹਲਕੇ ਵਿਚ ਅੱਜ ਹੋਈ ਵਿਧਾਨ ਸਭਾ ਦੀ ਜਿਮਨੀ ਚੋਣ ਦੌਰਾਨ ਪੋਲਿੰਗ ਦਾ ਕੰਮ ਪੂਰਨ ਅਮਨ ਸ਼ਾਂਤੀ ਨਾਲ ਸੰਪੰਨ ਹੋ ਗਿਆ। ਸਵੇਰੇ 7 ਵਜੇ ਤੋਂ ਸ਼ੁਰੂ ਹੋਈ ਪੋਲਿੰਗ ਦੌਰਾਨ ਲੋਕਾਂ ਵਿਚ ਵੋਟਾਂ ਨੂੰ ਲੈ ਕੇ ਭਾਰੀ ਉਤਸਾਹ ਦੇਖਣ ਨੂੰ ਮਿਲਿਆ, ਜਿਸਦੇ



ਚੱਲਦਿਆਂ ਪੋਲਿੰਗ ਬੂਥਾਂ ਤੇ ਸਵੇਰ ਤੋਂ ਹੀ ਵੋਟਰਾਂ ਦੀਆਂ ਲੰਮੀਆ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ। ਵਰਣਨਯੋਗ ਹੈ ਕਿ ਗਿੱਦੜਬਾਹਾ ਵਿਖੇ 7 ਵਜੇ ਸ਼ੁਰੂ ਹੋਏ ਪੋਲਿੰਗ ਦੌਰਾਨ ਸਵੇਰੇ 9 ਵਜੇ ਤੱਕ ਕਰੀਬ 15 ਫੀਸਦੀ, 11 ਵਜੇ ਤੱਕ 33 ਫੀਸਦੀ, 1 ਵਜੇ ਤੱਕ 49 ਫੀਸਦੀ, 3 ਵਜੇ ਤੱਕ 65 ਫੀਸਦੀ ਅਤੇ ਸ਼ਾਮ 5 ਵਜੇ ਤੱਕ 78 ਫੀਸਦੀ ਪੋਲਿੰਗ ਹੋ ਚੁੱਕੀ ਸੀ। ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਅੱਜ ਆਪਣੇ ਪਰਿਵਾਰ ਸਮੇਤ ਕਪਾਹ ਮੰਡੀ ਸਥਿਤ ਪੋਲਿੰਗ ਬੂਥ ਨੰ 151 ਤੇ ਆਪਣੀ ਵੋਟ ਪਾਈ। ਇਸ ਮੌਕੇ ਆਪ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਉਹ ਖੁਸ਼ ਨਸੀਬ ਹਨ ਕਿ ਉਹ ਖੁਦ ਨੂੰ ਆਪਣੀ ਵੋਟ ਪਾ ਰਹੇ ਹਨ, ਜਦੋਂ ਕਿ ਉਨ੍ਹਾਂ ਦੇ ਦੋਵੇਂ ਪ੍ਰਮੁੱਖ ਵਿਰੋਧੀ ਉਮੀਦਵਾਰ ਕਾਂਗਰਸ ਦੀ ਅੰਮ੍ਰਿਤਾ ਵੜਿੰਗ ਅਤੇ ਭਾਜਪਾ ਦੇ ਮਨਪ੍ਰੀਤ ਸਿੰਘ ਬਾਦਲ ਦੀਆਂ ਵੋਟਾਂ ਗਿੱਦੜਬਾਹਾ ਹਲਕੇ ਤੋਂ ਬਾਹਰ ਹੋਣ ਕਾਰਨ ਉਹ ਆਪਣੇ ਆਪ ਨੂੰ ਵੋਟ ਨਹੀਂ ਪਾ ਸਕਦੇ।ਤਿੰਨਾਂ ਪ੍ਰਮੁੱਖ ਉਮੀਦਵਾਰਾਂ ਨੇ ਕੀਤਾ ਆਪਣੀ ਆਪਣੀ ਜਿੱਤ ਦਾ ਦਾਅਵਾ – ਆਪ ਦੇ ਹਰਦੀਪ ਸਿੰਘ ਡਿੰਪੀ ਢਿੱਲੋਂ, ਕਾਂਗਰਸ ਦੀ ਅੰਮ੍ਰਿਤਾ ਵੜਿੰਗ ਅਤੇ ਭਾਜਪਾ ਦੇ ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਆਪਣੀ ਜਿੱਤ ਦਾ ਦਾਅਵਾ ਕੀਤਾ ਹੈ।ਨਤੀਜੇ 23 ਨਵੰਬਰ ਨੂੰ – ਗਿੱਦੜਬਾਹਾ ਜਿਮਨੀ ਚੋਣ ਦੇ ਨਤੀਜੇ 23 ਨਵੰਬਰ ਨੂੰ ਆਉਣਗੇ। ਅੱਜ ਹਲਕੇ ਦੇ ਵੋਟਰਾਂ ਵੱਲੋਂ 14 ਉਮੀਦਵਾਰਾਂ ਦੀ ਕਿਸਮਤ ਈਵੀਐਮ ਮਸ਼ੀਨਾਂ ਵਿਚ ਬੰਦ ਕਰ ਦਿੱਤੀ ਹੈ ਅਤੇ 23 ਨਵੰਬਰ ਨੂੰ ਹੀ ਪਤਾ ਲੱਗੇਗਾ ਕਿ ਹਲਕੇ ਦੇ ਲੋਕ ਕਿਸ ਨੂੰ ਵਿਧਾਨ ਸਭਾ ਦਾ ਰਾਸਤਾ ਦਿਖਾਉਂਦੇ ਹਨ ਅਤੇ ਕਿਸ ਨੂੰ ਘਰ ਦਾ

# ਕੌਮੀ ਇਨਸਾਫ਼ ਮੋਰਚੇ ਵੱਲੋਂ 23 ਨਵੰਬਰ ਨੂੰ ਲਿਆ ਜਾਵੇਗਾ ਸਖ਼ਤ ਫੈਸਲਾ:ਆਗੂ

ਪੰਜਾਬ ਦਾ ਖੁਲਾਸਾ

**ਬਠਿੰਡਾ 21 ਨਵੰਬਰ(ਸੁਰਿੰਦਰਪਾਲ ਸਿੰਘ):-** ਕੌਮੀ ਇਨਸਾਫ਼ ਮੋਰਚੇ ਦੇ ਆਗੂ ਸ ਗੁਰਚਰਨ ਸਿੰਘ ਹਵਾਰਾ ਅਤੇ ਬੁਲਾਰੇ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਸਾਂਝੇ ਬਿਆਨ ਵਿੱਚ ਦੱਸਿਆ ਕਿ ਕੌਮੀ ਇਨਸਾਫ਼ ਮੋਰਚਾ ਪਿੱਛਲੇ 2 ਸਾਲਾ,ਤੋ ਸ਼ਾਂਤਮਈ ਢੰਗ ਨਾਲ਼ ਮੋਹਾਲੀ ਵਿਖੇ ਚਲ ਰਿਹਾ ਹੈ। ਮੋਰਚੇ ਦੀਆਂ ਮੁੱਖ ਮੰਗਾਂ , ਬੰਦੀ ਸਿੰਘਾਂ ਦੀਆਂ ਰਿਹਾਈਆਂ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ, ਤੇ ਬਹਿਬਲ – ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਦੇ ਮਸਲਿਆਂ ਨੂੰ 24



ਘੰਟਿਆਂ ਵਿੱਚ ਹੱਲ ਕਰਨ ਦਾ ਦਾਅਵਾ ਕਰਨ ਵਾਲੇ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ, ਦੋ ਸਾਲਾਂ ਵਿੱਚ ਮੋਰਚੇ ਦੀ ਗਲਬਾਤ ਸੁਣਨ ਲਈ ਵੀ ਤਿਆਰ ਨਹੀਂ । ਭਗਵੰਤ ਸਿੰਘ ਮਾਨ ਆਪਣਾ ਪੀ ਏ ਵੀ ਆਪਣੀ ਮਰਜੀ ਨਾਲ ਨਹੀਂ ਲਗਾ ਸਕਦਾ। ਪੀ ਏ ਲਗਾਉਣ ਦਾ ਫੈਸਲਾ ਵੀ ਕੇਜਰੀਵਾਲ ਨੇ ਕਰਨਾ ਹੈ, ਇਹ ਸੰਵਿਧਾਨ ਦੀ ਉਲੰਘਣਾ ਹੈ ਅਤੇ ਪੰਜਾਬ ਦੀ ਅਣਖ ਨੂੰ ਵੀ ਵੰਗਾਰ ਹੈ। ਮੋਦੀ ਸਰਕਾਰ, ਕੇਜਰੀਵਾਲ , ਅਤੇ ਭਗਵੰਤ ਸਿੰਘ ਮਾਨ, ਜੇਤੂ ਕਿਸਾਨ ਮੋਰਚੇ ਤੋ ਭੈ-ਭੀਤ ਹੋ ਕੇ ਪੰਥ ਤੇ ਪੰਜਾਬ ਨੂੰ ਦਬਾਉਣਾ ਤੇ ਥਕਾਉਣਾ ਚਾਹੁੰਦੇ ਹਨ। ਕੌਮੀ ਇਨਸਾਫ਼ ਮੋਰਚੇ ਵਲੋ 23 ਨਵੰਬਰ ਨੂੰ 11 ਵਜੇ ਮੋਰਚਾ ਸਥਾਨ ਵਿਖੇ ਕਿਸਾਨ ਜਥੇਬੰਦੀਆਂ , ਧਾਰਮਿਕ ਜਥੇਬੰਦੀਆਂ, ਪੰਥਕ ਜਥੇਬੰਦੀਆਂ, ਦਲਿਤ ਜਥੇਬੰਦੀਆਂ , ਹਿੰਦੂ ਜਥੇਬੰਦੀਆਂ ਮੁਸਲਮਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਦੀ ਸਾਂਝੀ ਮੀਟਿੰਗ ਪੰਜਾਬ ਸਰਕਾਰ ਤੇ ਮੋਦੀ ਸਰਕਾਰ ਦੀਆਂ ਤਾਂਨਾਸ਼ਾਹ ਅਤੇ ਫ਼ਿਰਕੂ ਨੀਤੀਆਂ ਦਾ ਮੂੰਹ ਤੋੜ ਜਵਾਬ ਦੇਣ ਲਈ ਕਰੋ ਜਾਂ ਮਰੋ ਦੀ ਨੀਤੀ ਮੁਤਾਬਿਕ ਸਖ਼ਤ ਫੈਸਲੇ ਲੈਣ ਲਈ ਸੱਦੀ ਗਈ ਹੈ, ਸਾਰੇ ਪੰਜਾਬ ਦੇ ਇਨਸਾਫ਼ ਪਸੰਦ ਆਗੂਆਂ ਨੂੰ ਮੀਟਿੰਗ ਵਿੱਚ ਪੁੱਜਣ ਦੀ ਹਾਰਦਿਕ ਬੇਨਤੀ ਹੈ।

# ਵਿਸ਼ੇਸ਼ ਟੀਕਾਕਰਨ ਹਫਤੇ ਸਬੰਧੀ ਸਿਹਤ ਵਿਭਾਗ ਵੱਲੋਂ ਦਫਤਰ ਸਿਵਲ ਸਰਜਨ ਵਿਖੇ ਕੀਤੀ ਗਈ ਮੀਟਿੰਗ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 21 ਨਵੰਬਰ (ਮਨਪ੍ਰੀਤ ਮੌਂਗੂ)**- ਸਿਹਤ ਵਿਭਾਗ ਵਲੋਂ 25 ਤੋਂ 30 ਨਵੰਬਰ ਤੱਕ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਜਾ ਰਿਹਾ ਹੈ ਇਸ ਸਬੰਧ ਵਿਚ ਡਾ ਜਗਦੀਪ ਚਾਵਲਾ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਹੇਠ ਜਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਕੀਤੀ



ਗਈ ਜਿਸ ਵਿਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ. ਪ੍ਰੋਗਰਾਮ ਅਫਸਰਾਂ ਅਤੇ ਜਿਲ੍ਹੇ ਦੇ ਸਾਰੇ ਸੀਨੀਅਰ ਮੈਡੀਕਲ ਅਫਸਰਾਂ ਨੇ ਭਾਗ ਲਿਆ । ਇਸ ਮੌਕੇ ਡਾ. ਜਗਦੀਪ ਚਾਵਲਾ ਨੇ ਕਿਹਾ ਕਿ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਮਾਰੂ ਬੀਮਾਰੀਆਂ ਤੋਂ ਬਚਾਉਣ ਲਈ ਸਿਹਤ ਵਿਭਾਗ ਵਲੋਂ ਰੁਟੀਨ ਟੀਕਾਕਰਨ ਮੁਹਿੰਮ ਚਲਾਈ ਜਾ ਰਹੀ ਹੈ। ਰੁਟੀਨ ਟੀਕਾਕਰਨ ਦੌਰਾਨ ਵਾਂਝੇ ਰਹਿ ਗਏ ਬੱਚਿਆਂ ਦਾ ਮੁਕੰਮਲ ਟੀਕਾਕਰਨ ਕਰਨ ਲਈ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਜਾ ਰਿਹਾ ਹੈ। । ਜਿਸ ਦੇ ਸਬੰਧ ਵਿਚ ਜਿਲ੍ਹੇ ਵਿਚ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਪਛਾਣ ਕਰਕੇ ਲਿਸਟਾਂ ਤਿਆਰ ਕੀਤੀਆਂ ਗਈਆਂ ਹਨ ਅਤੇ ਉਨ੍ਹਾ ਲਈ ਇਸ ਹਫਤੇ ਦੌਰਾਨ ਸਪੈਸ਼ਲ ਟੀਕਾਕਰਨ ਸ਼ੈਸ਼ਣ ਪਲਾਨ ਕੀਤੇ ਗਏ ਹਨ।ਇਸ ਦੌਰਾਨ ਡਾ. ਬੰਦਨਾ ਬਾਂਸਲ ਜਿਲ੍ਹਾ ਟੀਕਾਕਰਨ ਅਫਸਰ ਨੇ ਦੱਸਿਆ ਕਿ ਗਰਭਵਤੀ ਮਾਵਾਂ ਅਤੇ ਪੰਜ ਸਾਲ ਤੱਕ ਦੇ ਜਿਹੜੇ ਬੱਚੇ ਕਿਸੇ ਕਾਰਣ ਟੀਕਾਕਰਨ ਤੋਂ ਵਾਂਝੇ ਰਹਿ ਗਏ ਜ਼ਾ ਫਿਰ ਅਧੂਰਾ ਟੀਕਾਕਰਣ ਹੋਇਆ ਹੈ, ਉਹਨਾਂ ਦਾ ਵਿਸ਼ੇਸ਼ ਕੈਂਪਾਂ ਰਾਹੀਂ ਟੀਕਾਕਰਣ ਕੀਤਾ ਜਾਵੇਗਾ ਅਤੇ ਇਸ ਹਫਤੇ ਦੌਰਾਨ ਰੁਟੀਨ ਟੀਕਾਕਰਣ ਤੋਂ ਛੁੱਟ ਗਏ ਏਰੀਏ, ਹਾਈ ਰਿਸਕ ਏਰੀਏ, ਸਲੱਮ ਏਰੀਏ, ਮਾਈਗ੍ਰੇਟਰੀ ਆਬਾਦੀ, ਝੁੱਗੀਆਂ ਝੌਂਪੜੀਆਂ, ਭੱਠੇ, ਖਾਲੀ ਸਬ ਸੈਂਟਰਾਂ ਜਿਥੇ 2 ਜਾਂ 3 ਨਿਯਮਿਤ ਟੀਕਾਕਰਣ ਸ਼ੈਸ਼ਨ ਨਾ ਹੋਏ ਹੋਣ, ਪਹੁੰਚ ਤੋਂ ਦੂਰ ਆਬਾਦੀ, ਡਬਲਿਊ ਐਚ.ਓ. ਵੱਲੋਂ ਮੀਟਿੰਗ ਵਿਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਕਿਹਾ ਕਿ ਗਰਭਵਤੀ ਮਾਂਵਾਂ ਨੂੰ ਟੈਟਨਸ ਦੇ ਦੋ ਟੀਕੇ ਅਤੇ ਬੱਚਿਆਂ ਨੂੰ ਪੋਲੀਓ, ਤਪਦਿਕ, ਗਲਘੋਟੂ, ਦਸਤ, ਖਸਰਾ ਅਤੇ ਰੁਬੇਲਾ, ਦਿਮਾਗੀ ਬੁਖਾਰ, ਪੀਲੀਆ, ਕਾਲੀ ਖੰਘ, ਨਿਮੋਨੀਆ ਅਤੇ ਅੰਧਰਾਤੇ ਵਰਗੀਆਂ ਜਾਨਲੇਵਾ ਬਿਮਾਰੀਆਂ ਤੋਂ ਬਚਾਅ ਲਈ ਸੰਪੂਰਨ ਟੀਕਾਕਰਨ ਕਰਵਾਉਣਾ ਜ਼ਰੂਰੀ ਹੈ, ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਹਫਤੇ ਦੌਰਾਨ ਗਰਭਵਤੀ ਔਰਤਾਂ ਅਤੇ ਬੱਚਿਆਂ ਦਾ ਟੀਕਾਕਰਣ ਸੰਪੂਰਨ ਕਰਨ ਲਈ ਇਸ ਮੁਹਿੰਮ ਦਾ ਪੂਰਾ ਲਾਭ ਉਠਾਉਣ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਮੁਹਿੰਮ ਦੌਰਾਨ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਅਪੀਲ ਕੀਤੀ। ਇਸ ਮੌਕੇ ਰਵਿੰਦਰ ਗਰੋਵਰ ਹਾਜ਼ਰ ਸਨ।

# ਕਿਸਾਨਾਂ ਵੱਲੋਂ ਝੋਨੇ ਦੇ ਕੱਟ ਸੰਬਧੀ ਐਸ ਡੀ ਐਮ ਨੂੰ ਦਿੱਤੀਆਂ ਸ਼ਿਕਾਇਤਾਂ ਤੋਂ ਬਾਅਦ ਸ਼ੈਲਰ ਮਾਲਕਾਂ ਅਤੇ ਆੜ੍ਹਤੀਆਂ ਵਿੱਚ ਮਚਿਆ ਹੜਕੰਪ

ਪੰਜਾਬ ਦਾ ਖੁਲਾਸਾ

**ਕਪੂਰਥਲਾ ,21 ਨਵੰਬਰ (ਕੌੜਾ/ਅਮਨਦੀਪ ਕੌਰ)**- ਬਲਾਕ ਸੁਲਤਾਨਪੁਰ ਲੋਧੀ ਦੀਆਂ ਵੱਖ ਵੱਖ ਮੰਡੀਆਂ ਵਿੱਚ ਐਂਤਕੀ ਝੋਨੇ ਦੀ ਖਰੀਦ ਸਮੇਂ ਸ਼ੈਲਰ ਮਾਲਕਾਂ ਵੱਲੋਂ ਲਾਏ ਗਏ ਕੱਟ ਤੋਂ ਅੱਕੇ ਕਿਸਾਨਾਂ ਨੇ ਆਖਿਰ ਇਨਸਾਫ਼ ਲੈਣ ਲਈ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਝੰਡਾ ਚੁੱਕ ਲਿਆ, ਜਿਸ ਦੇ ਤਹਿਤ ਅੱਜ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਐਸ ਡੀ ਐਮ ਦਫਤਰ ਸੁਲਤਾਨਪੁਰ ਲੋਧੀ ਵਿਖੇ ਧਰਨਾ ਲਾ ਦਿੱਤਾ।ਇਸ ਮੌਕੇ ਕਿਸਾਨਾਂ ਨੇ 70 ਦੇ ਕਰੀਬ ਆੜਤੀਆਂ ਵਿਰੁੱਧ ਸ਼ਿਕਾਇਤਾਂ ਵੀ ਐਸ ਡੀ ਐਮ ਨੂੰ ਦਿੱਤੀਆਂ ਹਨ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਿਸਾਨਾਂ ਵੱਲੋਂ ਸ਼ਿਕਾਇਤਾਂ ਦਿੱਤੇ ਜਾਣ ਤੋਂ ਬਾਅਦ ਅਤੇ ਝੋਨੇ ਦੇ ਕੱਟ ਸੰਬੰਧੀ ਮਾਮਲਾ ਵੱਡੇ ਪੱਧਰ ਤੇ ਭੱਖ ਜਾਣ ਕਾਰਨ ਸ਼ੈਲਰ ਮਾਲਕਾਂ ਅਤੇ ਆੜ੍ਹਤੀਆਂ ਵਿੱਚ ਹੜਕੰਪ ਮਚ ਗਿਆ ਹੈ। ਉੱਧਰ ਆੜਤੀਆਂ ਵੱਲੋਂ ਇਸ ਸਬੰਧੀ ਪਲ਼ ਪਲ਼ ਦੀ ਜਾਣਕਾਰੀ ਲਈ ਜਾ ਰਹੀ ਹੈ। ਕੁਝ ਆੜਤੀਆਂ ਵੱਲੋਂ ਸ਼ਿਕਾਇਤ ਕਰਨ ਵਾਲੇ ਕਿਸਾਨਾਂ ਤੱਕ ਪਹੁੰਚ ਕਰਨ ਦੀ ਜਾਣਕਾਰੀ ਵੀ ਮਿਲ਼ੀ ਹੈ। ਉੱਧਰ ਸਯੁੰਕਤ ਕਿਸਾਨ ਮੋਰਚੇ ਦੇ ਕਨਵੀਨਰ ਐਡਵੋਕੇਟ ਰਾਜਿੰਦਰ ਸਿੰਘ ਰਾਣਾ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਹਲਕੇ ਦੀਆਂ ਮੰਡੀਆਂ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਕਿਸਾਨਾਂ ਨਾਲ਼ ਇੰਨੇ ਵੱਡੇ ਤੇ ਲੁੱਟ ਹੋਈ ਹੋਵੇ। ਉਨ੍ਹਾਂ ਨੇ ਕਿਹਾ ਕਿ ਉਹ ਕਿਸਾਨਾਂ ਨੂੰ ਹਰ ਹਾਲਤ ਵਿੱਚ ਇਨਸਾਫ਼ ਦਿਵਾਉਣਗੇ ਅਤੇ ਲੁੱਟਿਆ ਹੋਇਆ ਪੈਸਾ ਵਾਪਸ ਕਿਸਾਨਾਂ ਦੀਆਂ ਜੇਬਾਂ ਵਿੱਚ ਆਵੇਗਾ। ਉਨ੍ਹਾਂ ਨੇ ਕਿਹਾ ਕਿ ਮਾਰਕੀਟ ਕਮੇਟੀ ਕੋਲ ਝੋਨੇ ਦੀ ਖਰੀਦ ਸੰਬੰਧੀ ਸਾਰਾ ਰਿਕਾਰਡ ਹੈ ਅਤੇ ਉਹ ਜਾਣਬੁੱਝ ਕੇ ਕਿਸਾਨਾਂ ਨੂੰ ਉਲਝਾ ਰਹੇ ਹਨ।ਇਸ ਮੌਕੇ ਉਨ੍ਹਾਂ ਨੇ ਮੰਗ ਕੀਤੀ ਕਿ ਜਦੋਂ ਕਿਸਾਨ ਦੀ ਢੇਰੀ ਤੁੱਲ ਜਾਂਦੀ ਹੈ ਤਾਂ ਉਸ ਨੂੰ ਉਸੇ ਸਮੇਂ ਜੇ ਫ਼ਾਰਮ ਕਿਉਂ ਨਹੀਂ ਦਿੱਤਾ ਜਾਂਦਾ

## ਬਚਾਅ ਲਈ ਲੱਗੇ ਚਾਰਾਜੋਈ ਕਰਨ

ਹੈ। ਆੜਤੀਆਂ ਵੱਲੋਂ ਉਸ ਸਮੇਂ ਕੱਚੀਆਂ ਪਰਚੀਆਂ ਦਿੱਤੀਆਂ ਜਾਂਦੀਆਂ ਹਨ ਜਦ ਕਿ ਜੇ ਫ਼ਾਰਮ ਕੁੱਝ ਦਿਨਾਂ ਬਾਅਦ ਪੈਸੇ ਦੀ ਕਟੌਤੀ ਕਰ ਕੇ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇ ਲੋਹੀਆਂ, ਸ਼ਾਹਕੋਟ ਦੀਆਂ ਮੰਡੀਆਂ ਵਿੱਚ ਝੋਨੇ ਦਾ ਪੂਰਾ ਮੁੱਲ ਦਿੱਤਾ ਗਿਆ ਹੈ ਤਾਂ ਫਿਰ ਸੁਲਤਾਨਪੁਰ ਲੋਧੀ ਦੀਆਂ ਮੰਡੀਆਂ ਵਿੱਚ ਕਿਹੜੀ ਹੋਰ ਸਰਕਾਰ ਦਾ ਕੰਟਰੋਲ ਸੀ। ਉੱਧਰ ਕੁਝ ਕਿਸਾਨਾਂ ਨੇ ਦੱਸਿਆ ਕਿ ਬੀਤੇ ਦਿਨਾਂ ਤੋਂ ਜਦੋਂ ਉਹ ਝੋਨੇ ਦੇ ਕੱਟ ਸੰਬੰਧੀ ਆਵਾਜ਼ ਉਠਾ ਰਹੇ ਸਨ ਤਾਂ ਕੁੱਝ ਆੜਤੀਆਂ ਨੇ ਉਨ੍ਹਾਂ ਦੇ ਖਾਤਿਆਂ ਵਿੱਚ ਝੋਨੇ ਦੇ ਪੂਰੇ ਪੈਸੇ ਪਾ ਦਿੱਤੇ ਹਨ। ਪੰਜਾਬ ਕਿਸਾਨ ਯੂਨੀਅਨ ਬਾਗੀ ਦੇ ਆਗੂ ਜਥੇਦਾਰ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਟਿੱਬਾ ਮੰਡੀ ਵਿੱਚ ਇੱਕ ਸ਼ੈਲਰ ਮਾਲਕ ਵਲੋਂ ਮਨਮਾਨੀਆਂ ਕੀਤੀਆਂ ਗਈਆਂ ਹਨ ਅਤੇ ਕਿਸਾਨਾਂ ਨੂੰ ਰੱਜ਼ ਕੇ ਲੁੱਟਿਆ ਗਿਆ ਹੈ। ਉਨ੍ਹਾਂ ਨੇ ਟਿੱਬਾ ਮੰਡੀ ਨਾਲ ਸੰਬੰਧਿਤ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸ਼ਿਕਾਇਤਾਂ ਯੂਨੀਅਨ ਤੱਕ ਪਹੁੰਚਾਉਣ ਤਾਂ ਜ਼ੋ ਇਨਸਾਫ਼ ਲਿਆ ਜਾ ਸਕੇ।



# ਚੰਡੀਗੜ੍ਹ ਦੀ ਜਮੀਨ ਹਰਿਆਣਾ ਨੂੰ ਦੇਣ ਵਿਰੁਧ ਦਿੱਤਾ ਮੰਗ ਪੱਤਰ

ਪੰਜਾਬ ਦਾ ਖੁਲਾਸਾ

**ਬਠਿੰਡਾ 21 ਨਵੰਬਰ(ਸੁਰਿੰਦਰਪਾਲ ਸਿੰਘ):** ਪੰਜਾਬ ਦੀਆ ਤਿੰਨ ਖਬੀਆ ਪਾਰਟੀਆ , ਆਰ ਐਮ ਪੀ ਆਈ, ਸੀ ਪੀ ਆਈ ਐਮ ਐਲ ,ਐਮ ਸੀ ਪੀ ਆਈ ਯੂ ਦੇ ਆਗੂਆ ਵਲੋ ਬਠਿੰਡਾ ਡੀ ਸੀ ਦੇ ਪੀ ਏ ਨੂੰ ਦਿੱਤਾ ਗਿਆ। ਅਤੇ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕੀ ਚੰਡੀਗੜ੍ਹ ਵਿਚ ਹਰਿਆਣੇ ਨੂੰ ਜਮੀਨ ਨਾ ਦਿੱਤੀ ਜਾਵੇ । ਇਸ ਸਮੇ ਰਜਿੰਦਰ ਸਿਵੀਆ,ਹਰਜੀਤ ਸਿੰਘ ਪ੍ਰਕਾਸ਼ ਸਿੰਘ, ਬਲਦੇਵ ਸਿੰਘ, ਜਸਵੀਰ ਸਿੰਘ, ਜਗਦੇਵ ਸਿੰਘ, ਬਾਵਾ ਸਿੰਘ, ਜਸਵਿੰਦਰ ਸਿੰਘ, ਗੁਰਮੀਤ ਸਿੰਘ ਸੰਪੂਰਨ ਸਿੰਘ, ਹਰੀ ਸਿੰਘ ਗੁਰਚਰਨ ਸਿੰਘ, ਕ੍ਰਿਸ਼ਨ ਸਿੰਘ ਮੌਜੂਦ ਸਨ।

# ਕਣਕ ਦੀ ਫ਼ਸਲ ਨੂੰ ਕੀੜਿਆਂ ਤੋਂ ਬਚਾਉਣ ਲਈ ਸਿਫਾਰਸ਼ਸ਼ੁਦਾ ਕੀਟਨਾਸ਼ਕ ਹੀ ਵਰਤੇ ਜਾਣ - ਡਾ.ਅਮਰੀਕ ਸਿੰਘ

ਪੰਜਾਬ ਦਾ ਖੁਲਾਸਾ

**ਸਾਦਿਕ 21 ਨਵੰਬਰ(ਰਘਬੀਰ ਸਾਦਿਕ),** ਜ਼ਿਲ੍ਹਾ ਫਰੀਦਕੋਟ ਵਿੱਚ ਤਕਰੀਬਨ 1 ਲੱਖ 16 ਹਜ਼ਾਰ ਹੈਕਟੇਅਰ ਰਕਬੇ ਵਿੱਚ ਕਣਕ ਦੀ ਕਾਸ਼ਤ ਕੀਤੀ ਜਾਣੀ ਹੈ ਜੋਂ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਜਾਂ ਖੇਤਾਂ ਤੋਂ ਬਾਹਰ ਸੰਭਾਲ ਕੇ ਜ਼ੀਰੋ ਟਿੱਲ ਡਰਿੱਲ, ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ ਨਾਲ ਕੀਤੀ ਜਾ ਰਹੀ ਹੈ । ਕਣਕ ਦੀ ਫ਼ਸਲ ਨੂੰ ਕਈ ਕੀੜੇ ਵੀ ਨੁਕਸਾਨ ਕਰਦੇ ਹਨ। ਸੈਨਿਕ ਸੁੰਡੀ ਇਕ ਅਜਿਹਾ ਕੀੜਾ ਹੈ ਜੋ ਕਣਕ ਤੋਂ ਇਲਾਵਾ ਹੋਰਨਾਂ ਫਸਲਾਂ ਦਾ ਵੀ ਨੁਕਸਾਨ ਕਰਦਾ ਹੈ। ਜ਼ਿਲਾ ਫ਼ਰੀਦਕੋਟ ਦੇ ਪਿੰਡ ਦਲ ਸਿੰਘ ਵਾਲਾ ਵਿਚ ਕਿਸਾਨ ਗੁਰਪ੍ਰੇਮ ਸਿੰਘ ਦੁਆਰਾ ਹੈਪੀ ਸੀਡਰ ਨਾਲ ਬਿਜਾਈ ਕੀਤੀ ਕਣਕ ਵਿਚ ਇਸ ਕੀੜੇ ਦਾ ਹਮਲਾ ਦੇਖਿਆ ਗਿਆ ਹੈ ।ਉਪ ਮੰਡਲ ਮੈਜਿਸਟਰੇਟ ਸ੍ਰੀ ਸੂਰਜ ਕੁਮਾਰ ਵਲੋਂ ਇਹ ਮਾਮਲਾ ਧਿਆਨ ਵਿਚ ਲਿਆਉਣ ਤੇ ਸੈਨਿਕ ਸੁੰਡੀ ਨਾਲ ਪ੍ਰਭਾਵਤ ਕਣਕ ਦੀ ਫ਼ਸਲ ਦਾ ਜਾਇਜ਼ਾ ਲੈਣ ਲਈ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਅਤੇ ਬਲਾਕ ਖ਼ੇਤੀਬਾੜੀ ਅਫ਼ਸਰ ਡਾ. ਗੁਰਪ੍ਰੀਤ ਸਿੰਘ ਨੇ ਦੌਰਾ ਕੀਤਾ। ਇਸ ਮੌਕੇ ਹਲਕਾ ਪਟਵਾਰੀ ਮਨਜੀਤ ਸਿੰਘ , ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।ਕਿਸਾਨਾਂ ਨਾਲ ਗੱਲਬਾਤ ਕਰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ.ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਕਣਕ ਦੀ ਖਾਸ ਕਰਕੇ ਹੈਪੀ ਸੀਡਰ ਜਾਂ ਮਲਚਿੰਗ ਤਕਨੀਕ ਨਾਲ



ਬਿਜਾਈ ਕੀਤੀ ਫ਼ਸਲ ਦਾ ਸ਼ਾਮ ਵੇਲੇ ਸੂਰਜ ਡੁੱਬਣ ਤੋਂ ਬਾਅਦ ਨਿਰੰਤਰ ਨਿਰੀਖਣ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਨਵੀਆਂ ਤਕਨੀਕਾਂ ਆਉਣ ਦੇ ਨਾਲ ਕੁਝ ਕੀੜੇ ਵੀ ਫ਼ਸਲਾਂ ਵਿਚ ਆ ਜਾਂਦੇ ਹਨ ਜਿਨ੍ਹਾਂ ਵਿਚ ਕਣਕ ਦੀ ਫ਼ਸਲ ਉੱਪਰ ਤਣੇ ਦੀ ਗੁਲਾਬੀ ਸੁੰਡੀ ਅਤੇ ਸੈਨਿਕ ਸੁੰਡੀ ਅਜਿਹੇ ਕੀਟ ਹਨ ਜੋ ਕਿ ਕਣਕ ਦੀ ਫ਼ਸਲ ਦਾ ਬਿਜਾਈ ਤੋਂ 20-30 ਦਿਨਾਂ ਬਾਅਦ ਨੁਕਸਾਨ ਕਰਦੇ ਹਨ। ਉਨਾਂ ਦੱਸਿਆ ਕਿ ਸੈਨਿਕ ਸੁੰਡੀ ਕਣਕ ਦੀ ਫ਼ਸਲ ਦਾ ਮੁੱਖ ਕੀੜਾ ਤਾਂ ਨਹੀਂ ਪਰ ਜੇਕਰ ਇਸ ਦਾ ਖਿਆਲ ਨਾ ਰੱਖਿਆ ਜਾਵੇ ਤਾਂ ਇਹ ਪ੍ਰਭਾਵਤ ਫ਼ਸਲ ਖਾਸ ਕਰਕੇ ਹੈਪੀ ਸੀਡਰ ਜਾਂ ਮਲਚਿੰਗ ਤਕਨੀਕ ਨਾਲ ਬਿਜਾਈ ਕੀਤੀ ਫ਼ਸਲ ਦਾ ਪੱਤਿਆਂ ਨੂੰ ਖਾ ਕੇ ਬਹੁਤ ਨੁਕਸਾਨ ਕਰ ਦਿੰਦਾ ਹੈ। ਉਨਾਂ ਦੱਸਿਆ ਕਿ ਇਹ ਕੀੜਾ ਬਹੁਤ ਤੇਜੀ ਨਾਲ ਫੈਲਦਾ ਹੈ, ਜਿਸ ਕਾਰਨ ਇਸ ਕੀੜੇ ਦੀ ਰੋਕਥਾਮ ਸਮੇਂ ਸਿਰ ਕਰਨੀ ਬਹੁਤ ਜ਼ਰੂਰੀ ਹੈ। ਉਨਾਂ ਦੱਸਿਆ ਕਿ ਸੈਨਿਕ ਸੁੰਡੀ ਦਾ ਰੰਗ ਹਲਕਾ ਸਲੇਟੀ ਭੂਰਾ ਹੁੰਦਾ ਹੈ ਜੋ ਸੂਰਜ ਡੁੱਬਣ ਤੋਂ ਬਾਅਦ ਫ਼ਸਲ ਦੇ ਪੱਤਿਆਂ ਨੂੰ ਖਾ ਕੇ ਨੁਕਸਾਨ ਕਰਦਾ ਹੈ ਅਤੇ ਦਿਨ ਸਮੇਂ ਖੇਤ ਵਿਚ ਪਈ ਪਰਾਲੀ ਜਾਂ ਮਿੱਟੀ ਦੀਆਂ ਢੀਮਾਂ ਦੇ ਹੇਠਾਂ ਛਿਪ ਕੇ ਰਹਿੰਦੀ ਹੈ। ਉਨਾਂ ਕਿਹਾ ਕਿ ਇਸ ਕੀੜੇ ਦੇ ਹਮਲੇ ਤੋਂ ਕਣਕ ਦੀ ਫਸਲ ਨੂੰ ਬਚਾਉਣ ਲਈ ਸੂਰਜ ਡੁੱਬਣ ਤੋਂ ਬਾਅਦ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜੇਕਰ ਇਸ ਕੀੜੇ ਦਾ ਹਮਲਾ ਕਣਕ ਦੀ ਫਸਲ ਉੱਪਰ ਦਿਖਾਈ ਦੇਵੇ ਤਾਂ ਇਸ ਦੇ ਅਗਾਂਹ ਫੈਲਾਅ ਨੂੰ ਰੋਕਣ ਲਈ ਤੁਰੰਤ 40 ਮਿਲੀ ਲਿਟਰ ਕਲੋਰੈਂਟਰਾਨਿਲੀਪਰੋਲ 18.5 ਈ.ਸੀ. ਜਾਂ 400 ਮਿਲੀ ਲਿਟਰ ਕੁਇਨਲਫਾਸ 25 ਈ ਸੀ ਨੂੰ 80 ਤੋਂ 100 ਲਿਟਰ ਪਾਣੀ ਵਿਚ ਘੋਲ ਕੇ ਗੋਲ ਨੋਜ਼ਲ ਨਾਲ ਸੂਰਜ ਡੁੱਬਣ ਤੋਂ ਬਾਅਦ ਛਿੜਕਾਅ ਕਰਨਾ ਚਾਹੀਦਾ ਹੈ ਜਾਂ 7 ਕਿਲੋ ਫਿਪਰੋਨੀਲ ਜਾਂ ਇੱਕ ਲਿਟਰ ਕਲੋਰੋਪਾਈਰੀਫਾਸ 20 ਈ ਸੀ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਮਿਲਾ ਕੇ ਛਟਾ ਦੇਣ ਉਪਰੰਤ ਪਾਣੀ ਲਗਾ ਦੇਣਾ ਚਾਹੀਦਾ।ਉਨਾਂ ਕਿਹਾ ਕਿ ਉਪਰੋਕਤ ਤਕਨੀਕਾਂ ਅਪਣਾ ਕੇ ਆਰਮੀ ਵਰਮ ( ਫੌਜੀ ਕੀੜਾ) ਦੀ ਰੋਕਥਾਮ ਕੀਤੀ ਜਾ ਸਕਦੀ ਹੈ।ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸਿਫਾਰਸ਼ਸ਼ੁਦਾ ਕੀਟ ਨਾਸ਼ਕਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਤਾਇਨਾਤ ਖੇਤੀ ਮਾਹਿਰਾਂ ਨਾਲ ਸੰਪਰਕ ਕਰਨਾ ਚਾਹੀਦਾ। ਇਸ ਤੋਂ ਇਲਾਵਾ ਕਿਸਾਨ ਕਾਲ ਸੈਂਟਰ ਤੇ ਟੋਲ ਫਰੀ ਨੰ. 1800 180 1551 ਤੇ ਖੇਤੀ ਮਾਹਿਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਕਿਸਾਨ ਆਗੂ ਸ਼ਿੰਦਾ ਸਿੰਘ ਨੇ ਖੇਤੀ ਅਧਿਕਾਰੀਆ ਦੁਆਰਾ ਸਮੇਂ ਸਿਰ ਪ੍ਰਭਾਵਤ ਫ਼ਸਲ ਦਾ ਜਾਇਜ਼ਾ ਲੈਣ ਲਈ ਦੌਰਾ ਕਰਨ ਤੇ ਅਧਿਕਾਰੀਆਂ ,ਐੱਸ ਡੀ ਐਮ ਜੈਤੋ ਦਾ ਧੰਨਵਾਦ ਕੀਤਾ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸ਼ਾਮ ਸਮੇਂ ਆਪਣੀ ਕਣਕ ਦੀ ਫ਼ਸਲ ਦਾ ਨਿਰੀਖਣ ਜ਼ਰੂਰ ਕਰਨ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਧਿਆਨ ਵਿੱਚ ਲਿਆਉਣ ਤਾਂ ਜੋਂ ਸਮੇਂ ਸਿਰ ਇਲਾਜ ਕਰਕੇ ਫ਼ਸਲ ਨੂੰ ਬਚਾਇਆ ਜਾ ਸਕੇ।

# ਦਾਣਾ ਮੰਡੀ ਨਿਹਾਲ ਸਿੰਘ ਵਾਲਾ ਮਾਰਕੀਟ ਕਮੇਟੀ ਦੇ ਦਫਤਰ ਕੋਲ ਇੱਕ ਕਿਸਾਨ ਹੋ ਰਿਹਾ ਸੀ ਆੜ੍ਹਤੀਏ ਦੀ ਠੱਗੀ ਦਾ ਸ਼ਿਕਾਰ, ਕਿਸਾਨ ਦੀ ਲੁੱਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ

ਪੰਜਾਬ ਦਾ ਖੁਲਾਸਾ

**ਨਿਹਾਲ ਸਿੰਘ ਵਾਲਾ 21 ਨਵੰਬਰ (ਮਨਿੰਦਰ ਧਾਲੀਵਾਲ)** ਦਾਣਾ ਮੰਡੀ ਨਿਹਾਲ ਸਿੰਘ ਵਾਲਾ ਮਾਰਕੀਟ ਕਮੇਟੀ ਦਫਤਰ ਦੇ ਨਜਦੀਕ ਇੱਕ ਕਿਸਾਨ ਆੜਤੀਏ ਦੀ ਠੱਗੀ ਦਾ ਸ਼ਿਕਾਰ ਹੋ ਰਿਹਾ ਸੀ ਜਦੋਂ ਇਸ ਦੀ ਭਿਣਕ ਪੱਤਰਕਾਰਾਂ ਨੂੰ ਪਈ ਤਾਂ ਉੱਥੇ ਜਾ ਕੇ ਦੇਖਿਆ ਕਿ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਜਿਲ੍ਹਾ ਪ੍ਰਧਾਨ ਆਤਮਾ ਸਿੰਘ ਧੂਰਕੋਟ ਰਣਸੀਂਹ ਅਤੇ ਸੂਬਾ ਪ੍ਰੈੱਸ ਸਕੱਤਰ ਬਿੱਕਰ ਸਿੰਘ ਰੌਂਤਾ ਅਤੇ ਹੋਰ ਕਿਸਾਨ ਆਗੂ ਅਤੇ ਯੂਨੀਅਨ ਦੇ ਆਗੂ ਮੌਜੂਦ ਸਨ।

ਜਦੋਂ ਬਲਕਰਨ ਸਿੰਘ ਪੁੱਤਰ ਨਵਤੇਜ ਸਿੰਘ ਪਿੰਡ ਪਤੋ ਹੀਰਾ ਸਿੰਘ ਨੂੰ ਪੁੱਛਿਆ ਗਿਆ ਕਿ ਤੇਰੀ ਢੇਰੀ ਦੀ ਨਮੀਂ ਕਿੰਨੀ ਹੈ ਤਾਂ ਜਦੋਂ Moisture ਮਸ਼ੀਨ ਮੰਗਾ ਕੇ ਦੇਖਿਆ ਗਿਆ ਤਾਂ ਉਸ ਢੇਰੀ ਦੀ ਨਮੀਂ 16.2% ਆਈ ਅਤੇ ਕਿਸਾਨ ਬਲਕਰਨ ਸਿੰਘ ਪੁੱਤਰ ਨਵਤੇਜ ਸਿੰਘ ਪੱਤੋ ਹੀਰਾ ਸਿੰਘ ਨੇ ਦੱਸਿਆ ਕਿ ਆੜਤੀਆ 100 (ਸੌ)ਗੱਟੇ ਮਗਰ (9ਨੌਂ) ਗੱਟਿਆਂ ਦੀ ਮੰਗ ਕੀਤੀ ਹੈ। ਜੇ ਮਾਰਕੀਟ ਕਮੇਟੀ ਦੇ ਨੱਕ ਹੇਠ ਇਹ ਕੰਮ ਹੁੰਦੇ ਰਹੇ ਤਾਂ ਕਿੱਥੋਂ ਤੱਕ ਕਿਸਾਨ ਬਰਦਾਸ਼ਤ ਕਰਨਗੇ । ਸਰਕਾਰ ਦੀਆਂ ਹਦਾਇਤਾਂ ਮੁਤਾਬਕ 17% ਨਮੀਂ ਵਾਲਾ ਝੋਨੇ ਦੀ ਖਰੀਦ ਕੀਤੀ ਗਈ ਹੈ ਜਦ ਕਿ ਉਸ ਕਿਸਾਨ ਦੇ ਝੋਨੇ ਦੀ ਨਮੀਂ 16.2%ਦੇ ਬਾਵਜੂਦ ਵੀ 100(ਸੌ) ਗੱਟੇ ਮਗਰ 9(ਨੌ) ਗੱਟੇ ਕੱਟ ਲਾਇਆ ਜਾ ਰਿਹਾ ਸੀ ਤਾਂ ਇਹ ਕਾਲਾ ਬਜਾਰੀ ਨਹੀਂ ਜਾਂ ਜ਼ਿਮੀਦਾਰ ਨੂੰ ਮਾਰਨ ਵਾਲੀਆਂ ਗੱਲਾਂ ਹਨ ਜਾਂ ਨਹੀਂ। ਕੀ ਸਾਡੇ ਅਧਿਕਾਰੀ ਦਫਤਰਾਂ ਵਿੱਚ ਬੈਠ ਕੇ ਹੀ ਸਭ ਕੁਝ ਕਰ ਰਹੇ ਹਨ ਜਦ ਸੈਕਟਰੀ ਨਿਹਾਲ ਸਿੰਘ ਵਾਲਾ ਨੂੰ ਫੋਨ ਲਗਾਇਆ ਗਿਆ ਤਾਂ ਉਹਨਾਂ ਨੇ ਫੋਨ ਨਹੀਂ ਚੱਕਿਆ ਦੁਬਾਰਾ ਉਹਨਾਂ ਨੂੰ ਫੋਨ ਲਾਇਆ ਗਿਆ ਤਾਂ ਉਹਨਾਂ ਨੇ ਫੋਨ ਕੱਟ ਦਿੱਤਾ ,ਇਸ ਤੋਂ ਬਾਅਦ ਕੀ ਹੱਲ ਰਹਿ ਜਾਂਦਾ ਹੈ ਤਾਂ ਕਿਸਾਨ ਨੂੰ ਆੜਤੀਏ ਟੋਨੀ ਦਾ ਫ਼ੋਨ ਆਇਆ ਕਿਸਾਨ ਨੂੰ ਦਬਕੇ ਮਾਰੇ ਗਏ ਕਿ ਸਾਡੇ ਪਹਿਲਾਂ ਪੈਸਿਆਂ ਦਾ ਬੰਦੋਬਸਤ ਕਰ ਕੇ ਲੈਕੇ ਆ ਅਤੇ ਆਪਣਾ ਝੋਨਾ ਚੁੱਕ ਕੇ ਲੈ ਜਾਵੇ ਜਦ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਨੇ ਆੜਤੀਏ ਟੋਨੀ ਦੇ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਹੁਣ ਤੁਸੀਂ ਰੌਲਾ ਨਾ ਪਾਓ ਤੇ ਅਸੀਂ ਹੁਣੇ ਹੀ ਝੋਨੇ ਨੂੰ ਕੰਡਾ ਲਵਾ ਦਿੰਦੇ ਹਾਂ ਅਤੇ ਢੇਰੀ ਭਰਵਾ ਦਿੰਦੇ ਹਾਂ ਤਾਂ ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਕੋਲੇ ਖੜ ਕੇ ਉਸ ਕਿਸਾਨ ਦੀ ਫ਼ਸਲ ਦੀ ਤੁਲਾਈ ਕਰਵਾਈ। ਹੁਣ ਦੇਖਦੇ ਹਾਂ ਕਿ ਮਾਰਕੀਟ ਕਮੇਟੀ ਦੇ ਸੈਕਟਰੀ ਜਸਪ੍ਰੀਤ ਸਿੰਘ ( ਮੈਂ: ਦਰਸ਼ਨ ਕੁਮਾਰ ਐਂਡ ਸਨਜ਼ ਕਮਿਸ਼ਨ ਏਜੰਟਸ,ਪੱਤੋ ਹੀਰਾ ਸਿੰਘ ਮੋਗਾ ) ਤੇ ਕੋਈ ਐਕਸ਼ਨ ਲੈਂਦੇ ਹਨ ਆੜਤੀਏ ਦਾ ਲਾਇਸੰਸ ਕੈਂਸਲ ਕਰਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਕਿਸਾਨ ਯੂਨੀਅਨ ਸ਼ੇਰੇ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਬਿੱਕਰ ਸਿੰਘ ਰੌਂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੀ ਕਿਸਾਨ ਦੀ ਲੁੱਟ ਹੋ ਰਹੀ ਆ ਉਹ ਸਭ ਏਜੰਸੀ ਦੇ ਅਧਿਕਾਰੀਆਂ ਅਤੇ




ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨਾਲ ਮਿਲੀ ਭੁਗਤ ਨਾਲ ਹੋ ਰਹੀ ਹੈ। ਜਿਹਦਾ ਸਿੱਧਾ ਸਬੰਧ ਕਿਸਾਨਾਂ ਨੂੰ ਢਾਹ ਲਾ ਕੇ ਸ਼ੈਲਰਾਂ ਵਾਲਿਆਂ ਅਤੇ ਆੜਤੀਆਂ ਨੂੰ ਮੋਟਾ ਮੁਨਾਫਾ ਕਰਵਾਉਣ ਵਾਸਤੇ ਇਹ ਕੰਮ ਕਰਵਾਇਆ ਜਾਂਦਾ ਹੈ ਇਸ ਕਰਕੇ ਹੀ ਜੋ ਪ੍ਰੋਪਰ ਕੰਮ ਹੋਣਾ ਚਾਹੀਦਾ ਹੈ ਤਾਂ ਇਹ ਕੰਮ ਦਫਤਰ ਵਿੱਚ ਬੈਠ ਕੇ ਹੀ ਹੋ ਰਹੇ ਹਨ ਜੇ ਕਿਸੇ ਫਰਮ ਦਾ ਲਾਇਸੰਸ ਕੈਂਸਲ ਹੁੰਦਾ ਹੈ ਤਾਂ ਉਹ ਜਿੰਨੇ ਵੀ ਘਰ ਦੇ ਮੈਂਬਰ ਹਨ ਉਹਨਾਂ ਦੇ ਨਾਂ ਤੇ ਫਿਰ ਲਾਇਸੰਸ ਬਣਵਾ ਲੈਂਦੇ ਹਨ ਇਸ ਤੇ ਵੀ ਸਰਕਾਰ ਨੂੰ ਖਰੀਦ ਪਾਲਸੀ ਵਿੱਚ ਐਡ ਕਰਨਾ ਚਾਹੀਦਾ ਹੈ ਕਿ ਜੇ ਲਾਇਸੰਸ ਕੈਂਸਲ ਹੁੰਦਾ ਹੈ ਤਾਂ ਉਹ ਅਗਲੇ ਸੀਜ਼ਨ ਦੌਰਾਨ ਹੀ ਬਣਾਵੇ ਤਾਂ ਹੀ ਰਿਸ਼ਵਤ ਖੋਰੀ ਅਤੇ ਲੁੱਟ ਘਸੁੱਟ ਰੁਕ ਸਕਦੀ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਬਿੱਕਰ ਸਿੰਘ ਰੌਂਤਾ, ਬਲਾਕ ਪ੍ਰੈੱਸ ਸਕੱਤਰ

ਹਰਦੀਪ ਸਿੰਘ ਹੈਪੀ ਧੂਰਕੋਟ ਰਣਸੀਂਹ, ਇਕਾਈ ਪ੍ਰਧਾਨ ਕਰਨੈਲ ਸਿੰਘ ਧੂਰਕੋਟ ਰਣਸੀਂਹ, ਰੇਸ਼ਮ ਸਿੰਘ ਧੂਰਕੋਟ ਰਣਸੀਂਹ, ਸੰਦੀਪ ਸਿੰਘ ਸਨੀ ਧੂਰਕੋਟ ਰਣਸੀਂਹ, ਜੱਸੀ ਬਿਲਾਸਪੁਰ,ਨਿੱਕਾ ਨਿਹਾਲ ਸਿੰਘ ਵਾਲਾ ਹੋਰ ਬਹੁਤ ਸਾਰੇ ਆਗੂ ਅਤੇ ਕਿਸਾਨ ਵੀਰ ਹਾਜ਼ਰ ਸਨ।

# ਡੇਅਰੀ ਵਿਕਾਸ ਵਿਭਾਗ ਨੇ ਪਿੰਡ ਢੁੱਡੀ ਵਿਖੇ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਾਇਆ

ਪੰਜਾਬ ਦਾ ਖੁਲਾਸਾ

**ਸਾਦਿਕ 21ਨਵੰਬਰ (ਰਘਬੀਰ ਸਾਦਿਕ)** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਫਰੀਦਕੋਟ ਸ਼੍ਰੀ ਨਿਰਵੈਰ ਸਿੰਘ ਬਰਾੜ ਦੀ ਅਗਵਾਈ ਹੇਠ ਪਿੰਡ ਢੁੱਡੀ, ਜਿਲ੍ਹਾ ਫਰੀਦਕੋਟ ਵਿਖੇ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਸ਼੍ਰੀ ਨਿਰਵੈਰ ਸਿੰਘ ਬਰਾੜ ਵਲੋਂ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਜਿਵੇਂ ਕਿ ਦੋ ਹਫਤੇ ਤੇ ਚਾਰ ਹਫਤੇ ਦੀ ਸਿਖਲਾਈ, 2 ਤੋਂ 20 ਪਸ਼ੂਆਂ ਤੱਕ ਡੀ.ਡੀ.8 ਕਰਜਾ ਸਕੀਮ ਤਹਿਤ ਸਬਸਿਡੀ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਵੀ ਜਾਗਰੂਕ ਕੀਤਾ।ਇਸ ਮੌਕੇ ਮਿਲਕਫੈਡ ਦੇ ਅਸਿਸਟੈਂਟ ਮੈਨੇਜਰ ਡਾ. ਗੁਰਪਿੰਦਰ ਸਿੰਘ ਵਲੋਂ ਸਫਲ ਡੇਅਰੀ ਫਾਰਮਿਗ ਦੇ



ਨੁਕਤਿਆਂ ਬਾਰੇ ਅਤੇ ਮਿਲਕਫੈਡ ਦੀਆਂ ਸਕੀਮਾਂ ਬਾਰੇ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ ਗਈ। ਸ਼੍ਰੀ ਜਗਪਾਲ ਸਿੰਘ ਬਰਾੜ, ਕੋਆਪਰੇਟਿਵ ਇੰਸਪੈਕਟਰ (ਰਿਟਾ:) ਵਲੋਂ ਦੁੱਧ ਸੁਸਾਇਟੀ, ਵਰਕ ਕਲਚਰ ਅਤੇ ਸਾਫ ਦੁੱਧ ਦੀ ਪੈਦਾਵਾਰ ਬਾਰੇ ਜਾਣਕਾਰੀ ਦਿੱਤੀ ਗਈ। ਡਾ.ਗੁਰਲਾਲ ਸਿੰਘ, ਅਸਿਸਟੈਂਟ ਪ੍ਰੋਫੈਸਰ (ਕੇ.ਵੀ.ਕੇ. ਫਰੀਦਕੋਟ) ਵਲੋਂ ਦੁਧਾਰੂ ਪਸ਼ੂਆਂ ਦੀਆਂ ਬਿਮਾਰੀਆਂ, ਇਲਾਜ ਅਤੇ ਰੋਕਥਾਮ ਬਾਰੇ ਵਿਸਥਾਰ ਪੂਰਵਕ ਡੇਅਰੀ ਫਾਰਮਰਾਂ ਨੂੰ ਦੱਸਿਆ ਗਿਆ। ਸ਼੍ਰੀ ਗੁਰਲਾਲ ਸਿੰਘ, ਡੇਅਰੀ ਵਿਕਾਸ ਇੰਸਪੈਕਟਰ ਵਲੋਂ ਮਨੁੱਖੀ ਜੀਵਨ ਵਿੱਚ ਦੁੱਧ ਦੀ ਮਹੱਤਤਾ ਅਤੇ ਉਬਲੇ ਦੁੱਧ ਦੇ ਫਾਇਦੇ ਬਾਰੇ ਡੇਅਰੀ ਫਾਰਮਰਾਂ ਨੂੰ ਜਾਣਕਾਰੀ ਦਿੱਤੀ ਗਈ।ਇਸ ਮੌਕੇ ਸ਼੍ਰੀਮਤੀ ਅਮਰ ਕੌਰ, (ਸਰਪੰਚ ਢੁੱਡੀ), ਸ਼੍ਰੀ ਜਲੌਰ ਸਿੰਘ, ਸ਼੍ਰੀ ਗੁਰਤੇਜ ਸਿੰਘ (ਸਾਬਕਾ ਸਰਪੰਚ ਢੁੱਡੀ) ਅਤੇ ਸ਼੍ਰੀ ਜਸਵੀਰ ਸਿੰਘ (ਪੰਚਾਇਤ ਮੈਂਬਰ) ਅਤੇ ਪਿੰਡ ਦੇ ਡੇਅਰੀ ਫਾਰਮਰਾਂ ਵਲੋਂ ਕੈਂਪ ਵਿੱਚ ਭਾਗ ਲਿਆ ਗਿਆ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਮਨਪ੍ਰੀਤ ਸਿੰਘ ਨੇ ਪੰਜਮਨਾ ਆਰਟ ਪ੍ਰੈਸ, ਨੇੜੇ ਪੀ.ਐਨ.ਬੀ. ਬੈਂਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਪੰਜਾਬ ਦਾ ਖੁਲਾਸਾ ਦਫਤਰ, ਹਾਊਸ ਨੰਬਰ 236/3, ਨਾਕਾ ਨੰ.2 ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਮਨਪ੍ਰੀਤ ਸਿੰਘ

Owner, Publisher & Printer Manpreet Singh Printed at Panjmana Art Press Near PNB Bank, Abohar Road Sri Muktsar Sahib Published from House No 236/3 Naka No 2, Darbar Sahib Sri Muktsar Sahib. Editor Manpreet Singh

# ਡੇਂਗੂ ਵਿਰੁੱਧ ਵਿਸ਼ੇਸ਼ ਮੁਹਿੰਮ ਤਹਿਤ ਮਾਈ ਭਾਗੋ ਆਯੁਰਵੇਦਿਕ ਮੈਡੀਕਲ ਕਾਲਜ ਅਤੇ ਨਾਲ ਲਗਦੇ ਏਰੀਏ ਵਿਚ ਕੀਤੀਆਂ ਗਈਆਂ ਡੇਂਗੂ ਵਿਰੋਧੀ ਗਤੀਵਿਧੀਆਂ

ਪੰਜਾਬ ਦਾ ਖੁਲਾਸਾ



**ਸ੍ਰੀ ਮੁਕਤਸਰ ਸਾਹਿਬ, 21 ਨਵੰਬਰ (ਮਨਪ੍ਰੀਤ ਮੋਨੂੰ)** ਸਿਹਤ ਮੰਤਰੀ ਪੰਜਾਬ ਡਾ ਬਲਵੀਰ ਸਿੰਘ ਵਲੋਂ ਪੰਜਾਬ ਦੇ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਮੈਡੀਕਲ ਕਾਲਜ ਅਤੇ ਨਰਸਿੰਗ ਵਿਦਿਆਰਥੀਆਂ ਦੇ ਸਹਿਯੋਗ ਨਾਲ ਰੋਜਾਨਾ ਵਿਸ਼ੇਸ਼ ਮੁਹਿਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿਮ ਤਹਿਤ ਡਾ ਜਗਦੀਪ ਚਾਵਲਾ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿਚ ਸਿਹਤ ਵਿਭਾਗ ਵੱਲੋਂ ਅੱਜ ਮਾਈ ਭਾਗੋ ਆਯੁਰਵੇਦਿਕ ਮੈਡੀਕਲ ਕਾਲਜ ਵਿਚ ਅਤੇ ਇਸ ਦੇ ਨਾਲ ਲਗਦੇ ਏਰੀਏ ਮਾਈ ਭਾਗੋ ਕਲੋਨੀ, ਮਾਡਲ ਟਾਊਨ, ਅੰਬੇਦਕਰ ਨਗਰ ਵਿਖੇ ਮਾਈ ਭਾਗੋ ਆਯੁਰਵੇਦਿਕ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਗਈਆਂ । ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਡੇਂਗੂ ਦੇ ਲਾਰਵੇ ਦੀ ਪਛਾਣ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ। ਜਿਸ ਦੌਰਾਨ ਟੀਮਾਂ ਵੱਲੋਂ ਘਰ ਘਰ ਜਾ ਕੇ ਲੋਕਾਂ ਨੂੰ ਡੇਂਗੂ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ ਅਤੇ ਇਕ ਹਫਤੇ ਤੋਂ ਵੱਧ ਪਾਣੀ ਖੜ੍ਹਾ ਨਾ ਹੋਣ ਸਬੰਧੀ ਵਿਸ਼ੇਸ਼ ਤੌਰ ਤੇ ਕਿਹਾ ਗਿਆ ਅਤੇ ਮੱਛਰ ਦੇ ਲਾਰਵੇ ਨੂੰ ਮੌਕੇ ਤੇ ਨਸ਼ਟ ਕਰਵਾਇਆ ਗਿਆ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਡਾ. ਜਗਦੀਪ ਚਾਵਲਾ ਨੇ ਕਿਹਾ ਕਿ ਮਾਨਯੋਗ ਸਿਹਤ ਮੰਤਰੀ ਪੰਜਾਬ ਵਲੋਂ ਸਿਹਤ ਵਿਭਾਗ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਲ ਨਾਲ ਸਕੂਲੀ ਵਿਦਿਆਰਥੀਆਂ, ਨਰਸਿੰਗ ਵਿਦਿਆਰਥੀਆਂ, ਸਾਰੇ ਵਿਭਾਗਾਂ ਦੇ ਅਧਿਕਾਰੀਆਂ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਹਰ ਰੋਜ ਡੇਂਗੂ ਦਾ ਲਾਰਵਾ ਖਤਮ ਕਰਨ ਲਈ ਗਤੀਵਿਧੀਆਂ ਕਰਨ ਲਈ ਅਪੀਲ ਕੀਤੀ ਗਈ ਹੈ। ਇਸ ਸਬੰਧ ਵਿਚ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਸਿਹਤ ਵਿਭਾਗ ਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਡੇਂਗੂ ਤੋਂ ਬਚਣ ਲਈ ਸਾਵਧਾਨੀਆਂ ਵਰਤਨੀਆਂ ਬਹੁਤ ਜਰੂਰੀ ਹਨ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਸ਼ੁੱਕਰਵਾਰ ਨੂੰ ਹਰ ਸ਼ੁੱਕਰਵਾਰ,ਡੇਂਗੂ ਤੇ ਵਾਰ ਦੇ ਤੌਰ ਤੇ ਮਨਾਇਆ ਜਾਵੇ ਅਤੇ ਇਸ ਦਿਨ ਪਾਣੀ ਸਟੋਰ ਕਰਨ ਵਾਲੇ ਬਰਤਨਾਂ ਨੂੰ ਇਕ ਵਾਰ ਸੁਕਾ ਕੇ ਦੁਬਾਰਾ ਵਰਤੋਂ ਵਿਚ ਲਿਆਂਦਾ ਜਾਵੇ ਤਾਂ ਜੋ ਮੱਛਰ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ ।ਇਸ ਮੌਕੇ ਸੁਖਮੰਦਰ ਸਿੰਘ ਜਿਲ੍ਹਾ ਮਾਸ ਮੀਡੀਆ ਅਫਸਰ ਨੇ ਕਿਹਾ ਕਿ ਡੇਂਗੂ ਬੁਖਾਰ ਏਡੀਜ਼ ਅਜੈਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਇਹ ਮੱਛਰ ਇਕ ਹਫਤੇ ਤੋਂ ਵੱਧ ਖੜੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਕਬਾੜ ਵਿਚ ਪਏ ਟਾਇਰ, ਟੁੱਟੇ ਘੜੇ ਅਤੇ ਗਮਲੇ ਆਦਿ ਵਿੱਚ ਪਾਣੀ ਖੜਣ ਨਹੀਂ ਦੇਣਾ ਚਾਹੀਦਾ। ਮੱਛਰਦਾਨੀਆ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ, ਸਾਰੇ ਸਰੀਰ ਨੂੰ ਢੱਕਦੇ ਕੱਪੜੇ ਪਾਓ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਘਰਾਂ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢੱਕ ਕੇ ਰੱਖੋ। ਇਸ ਮੌਕੇ ਭਗਵਾਨ ਦਾਸ, ਲਾਲ ਚੰਦ ਜਿਲ੍ਹਾ ਸਿਹਤ ਇੰਸਪੈਕਟਰ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਡੇਂਗੂ ਅਤੇ ਮਲੇਰੀਆ ਦੇ ਕੋਈ ਲੱਛਣ ਜਿਵੇਂ ਤੇਜ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿਚ ਜਾ ਕੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜਰੂਰ ਕਰਵਾਇਆ ਜਾਵੇ ਅਤੇ ਡੇਂਗੂ ਪਾਜੇਟਿਵ ਆਉਣ ਦੀ ਸੂਰਤ ਵਿੱਚ ਮਾਹਿਰ ਡਾਕਟਰ ਤੋਂ ਇਲਾਜ ਕਰਵਾਇਆ ਜਾਵੇ।ਡੇਂਗੂ ਦੇ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਸਮੇਂ ਮਾਈ ਭਾਗੋ ਆਯੁਰਵੇਦਿਕ ਮੈਡੀਕਲ ਕਾਲਜ ਦੇ ਸਟਾਫ ਅਤੇ ਮੈਡੀਕਲ ਵਿਦਿਆਰਥੀਆਂ ਤੋਂ ਇਲਾਵਾ ਸਿਹਤ ਵਰਕਰ ਹੁਸ਼ਿਆਰ ਸਿੰਘ, ਜਸਕਰਨ ਸਿੰਘ, ਅਮ੍ਰਿਤਪਾਲ ਸਿੰਘ, ਅਤੇ ਬ੍ਰੀਡਿੰਗ ਚੈਕਰ ਹਾਜ਼ਰ ਸਨ।

# ਮੰਤਰੀ ਦੀ ਹਾਜ਼ਰੀ ਵਿੱਚ ਨਜਾਇਜ਼ ਤੌਰ ਤੇ ਸੰਸਪੈਂਡ ਸਫਾਈ ਕਰਮਚਾਰੀਆਂ ਦਾ ਮੁੱਦਾ ਗਰਮਾਇਆ

## ਨਗਰ ਕੌਂਸਲ ਜਗਰਾਉਂ ਅੰਦਰ ਸਫਾਈ ਕਰਮਚਾਰੀਆਂ ਨੂੰ ਹੀ ਕਿਉਂ ਟਾਰਗੇਟ ਕੀਤਾ ਜਾਂਦਾ:-ਪ੍ਰਧਾਨ ਅਰੁਣ ਗਿੱਲ

ਪੰਜਾਬ ਦਾ ਖੁਲਾਸਾ





**ਜਗਰਾਉਂ 21 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)** ਮੰਤਰੀ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਡਾ ਰਵਜੋਤ ਸਿੰਘ ਵੱਲੋਂ ਸਮਾਂ ਦੇਣ ਤੇ ਮਿਊਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੀ ਇੱਕ ਅਹਿਮ ਮੀਟਿੰਗ ਸਥਾਨਕ ਸਰਕਾਰ ਵਿਭਾਗ ਚੰਡੀਗੜ੍ਹ ਦੇ ਆਡੀਟੋਰੀਅਮ ਵਿੱਚ ਹੋਈ ਇਸ ਮੀਟਿੰਗ ਵਿੱਚ ਪੂਰੇ ਪੰਜਾਬ ਦੇ ਸਫਾਈ ਕਾਮਿਆਂ ਤੇ ਸੀਵਰਮੈਨਾਂ ਅਤੇ ਮਿਊਂਸੀਪਲ ਕਾਮਿਆਂ ਦੀਆਂ ਬਾਜਵ ਮੰਗਾਂ ਦਾ ਮੁੱਦਾ ਉਠਾਇਆ ਗਿਆ। ਪੂਰੇ ਪੰਜਾਬ ਦੇ ਸਫਾਈ ਕਾਮਿਆਂ ਤੇ ਸੀਵਰੇਜ ਮੁਲਾਜ਼ਮਾਂ ਅਤੇ ਮਿਊਂਸਪਲ ਕਾਮਿਆਂ ਦੀਆਂ ਮੰਗਾਂ ਨੂੰ ਸੁਣਨ ਤੋਂ ਬਾਅਦ ਮਾਨਯੋਗ ਮੰਤਰੀ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਜਾਇਜ਼ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਮੰਨਣ ਲਈ ਸਰਕਾਰ ਦੁਆਰਾ ਦੁਹਰਾਈ ਬਚਨ ਬੱਧਤਾ ਨੂੰ ਮੁੜ ਦੁਹਰਾਉਂਦੇ ਹੋਏ ਯਕੀਨ ਦਵਾਇਆ ਗਿਆ, ਕਿ ਉਨਾਂ ਵੱਲੋਂ ਚੋਣ ਅਜੰਡੇ ਵਿੱਚ ਕੀਤੇ ਵਾਅਦਿਆਂ ਨੂੰ ਯਕੀਨੀ ਤੌਰ ਤੇ ਪੂਰਾ ਕੀਤਾ ਜਾਵੇਗਾ । ਅਖੀਰ ਵਿੱਚ ਮੰਤਰੀ ਸਾਹਿਬ ਵੱਲੋਂ ਜਗਰਾਉਂ ਨਗਰ ਕੌਂਸਲ ਅੰਦਰ ਤਿੰਨ ਸਫਾਈ ਸੇਵਕਾਂ ਨੂੰ ਨਜਾਇਜ਼ ਤੌਰ ਤੇ ਸਸਪੈਂਡ ਕੀਤੇ ਹੋਣ ਬਾਰੇ ਸਪੈਸ਼ਲ ਤੌਰ ਤੇ ਉਹਨਾਂ ਨੂੰ ਤੁਰੰਤ ਬਹਾਲ ਕਰਨ ਦਾ ਯਕੀਨ ਦਵਾਇਆ। ਜਗਰਾਉਂ ਨਗਰ ਕੌਂਸਲ ਅੰਦਰ ਸਫਾਈ ਸੇਵਕਾਂ ਨਾਲ ਹੋ ਰਹੇ ਧੱਕੇ ਤੇ ਨਜਾਇਜ਼ ਤੌਰ ਤੇ ਉਹਨਾਂ ਨੂੰ ਤੰਗ ਪਰੇਸ਼ਾਨ ਕਰਨ ਸਬੰਧੀ ਜਿਲ੍ਹਾ ਪ੍ਰਧਾਨ ਸਫਾਈ ਸੇਵਕ ਯੂਨੀਅਨ ਪੰਜਾਬ ਅਰੁਣ ਗਿੱਲ ਵੱਲੋਂ ਵਧੀਆਂ ਢੰਗ ਨਾਲ ਮੁੱਦੇ ਨੂੰ ਮੰਤਰੀ ਸਾਹਿਬ ਦੇ ਸਨਮੁੱਖ ਕੀਤਾ ਗਿਆ। ਇਸ ਮੌਕੇ ਸਫਾਈ ਸੇਵਕ ਯੂਨੀਅਨ ਪੰਜਾਬ ਪ੍ਰਧਾਨ ਅਸ਼ੋਕ ਸਾਰਵਾਨ ਸੈਕਟਰੀ ਰੋਮੈਂਸ ਗੇਚੰਡ ਕਨਵੀਨਰ ਕੁਲਦੀਪ ਸ਼ਰਮਾ ਪ੍ਰਧਾਨ ਰਜਿੰਦਰ ਕੁਮਾਰ ਪ੍ਰਧਾਨ ਸਨੀ ਸੁੰਦਰ ਸੈਕਟਰੀ ਸਨਦੀਪ ਕੁਮਾਰ ਅਤੇ ਮਿਉਂਸਪਲ ਮੁਲਾਜਮ ਐਕਸ਼ਨ ਕਮੇਟੀ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਗੂ ਸਹਿਬਾਨ ਹਾਜਰ ਰਹੇ।

## ਜਨਮਦਿਨ ਮੁਬਾਰਕ



ਰੁਬਾਨੀ ਕੌਰ ਸੰਧੂ
ਮਾਤਾ-ਰੁਪਿੰਦਰ ਕੌਰ ਸੰਧੂ
ਪਿਤਾ ਮਨਪ੍ਰੀਤ ਸਿੰਘ ਸੰਧੂ
ਵਾਸੀ ਤਰਨਤਾਰਨ

## ਵਰੇਗੰਢ ਮੁਬਾਰਕ



ਕਿਰਪਾਲ ਸਿੰਘ ਸੋਹਲ ਤੇ ਕੁਲਦੀਪ ਕੌਰ ਨੇ ਆਪਣੇ ਵਿਆਹ ਦੀ 25ਵੀਂ ਵਰੇਗੰਢ ਮਨਾਈ



# ਖੇਤੀ ਵਿਭਾਗ ਦੀਆਂ ਟੀਮਾਂ ਨੇ ਖਾਦ ਸਟੋਰਾਂ ਦੀ ਚੈਕਿੰਗ ਕੀਤੀ

ਪੰਜਾਬ ਦਾ ਖੁਲਾਸਾ

**ਜਲੰਧਰ 21 ਨਵੰਬਰ (ਅਮ੍ਰਿਤਪਾਲ ਸਿੰਘ)** ਖੇਤੀਬਾੜੀ ਦੇ ਸੀਜ਼ਨ ਦੌਰਾਨ ਕਿਸਾਨਾਂ ਲਈ ਲੋੜੀਂਦੀਆਂ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਖੇਤੀਬਾੜੀ ਵਿਭਾਗ ਵੱਲੋਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਵਿੱਢੀ ਮੁਹਿੰਮ ਤਹਿਤ ਅੱਜ ਬਲਾਕ ਨਕੋਦਰ ਵਿੱਚ ਖਾਦ ਵਿਕਰੇਤਾਵਾਂ/ਡੀਲਰਾਂ ਦੀਆਂ ਦੁਕਾਨਾਂ ਤੇ ਗੁਦਾਮਾਂ ਦੀ ਚੈਕਿੰਗ ਕੀਤੀ ਗਈ। ਮੁੱਖ ਖੇਤੀਬਾੜੀ ਅਫ਼ਸਰ ਡਾ. ਰਣਧੀਰ ਸਿੰਘ ਠਾਕੁਰ ਨੇ ਦੱਸਿਆ ਕਿ ਚੈਕਿੰਗ ਦੌਰਾਨ ਕਣਕ ਤੇ ਆਲੂ ਦੀ ਬਿਜਾਈ ਲਈ ਵਰਤੀਆਂ ਜਾਂਦੀਆਂ ਵੱਖ-ਵੱਖ ਖਾਦਾਂ ਦੇ ਅੱਠ ਸੈਂਪਲ ਭਰਨ ਤੋਂ ਇਲਾਵਾ ਖਾਦ ਸਟੋਰਾਂ ਦੇ ਰਿਕਾਰਡ ਦੀ ਜਾਂਚ ਪੜਤਾਲ ਵੀ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਭਰੇ ਗਏ ਸੈਂਪਲ ਲੈਬੋਰੇਟਰੀ ਵਿਖੇ ਟੈਸਟ ਲਈ ਭੇਜੇ ਜਾਣਗੇ ਅਤੇ ਜੇਕਰ ਕੋਈ ਸੈਂਪਲ ਫੇਲ੍ਹ ਪਾਇਆ ਗਿਆ ਤਾਂ ਜ਼ਿੰਮੇਵਾਰ ਖਾਦ ਵਿਕਰੇਤਾ/ਡੀਲਰ ਖਿਲਾਫ਼ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅੱਜ ਕੀਤੀ ਗਈ ਚੈਕਿੰਗ ਦੌਰਾਨ ਟੀਮ ਵਿੱਚ ਖੇਤੀਬਾੜੀ ਅਫ਼ਸਰ ਡਾ. ਸੁਰਜੀਤ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਡਾ. ਅਮਰੀਕ ਸਿੰਘ ਅਤੇ ਵਿਭਾਗ ਦੇ ਹੋਰ ਕਰਮਚਾਰੀ ਸ਼ਾਮਲ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਪੰਜਾਬ ਡੇ ਮਨਾਇਆ

ਪੰਜਾਬ ਦਾ ਖੁਲਾਸਾ

**ਕਪੂਰਥਲਾ, 21 ਨਵੰਬਰ, ( ਕੌੜਾ )** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਦੀ ਅਗਵਾਈ



ਵਿਚ ਪੰਜਾਬ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ । ਇਸ ਦੌਰਾਨ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦਰਮਿਆਨ ਪੰਜਾਬੀ ਡਿਬੇਟ ਮੁਕਾਬਲਾ ਕਰਵਾਇਆ ਗਿਆ । ਜਿਸ ਵਿਚ ਨਵਨੀਤ ਕੌਰ ਪਹਿਲੇ, ਨਵਦੀਪ ਕੌਰ ਦੂਸਰੇ ਅਤੇ ਸਿਮਰਨਪ੍ਰੀਤ ਕੌਰ ਤੀਸਰੇ ਸਥਾਨ 'ਤੇ ਰਹੀ । ਕੇ ਜੀ ਵਿੰਗ ਅਤੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਵਿੱਚ ਪੰਜਾਬੀ ਵਰਨ ਬਣਾਉਣ ਦੀ ਐਕਟੀਵਿਟੀ ਕਰਵਾਈ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਰਮਿਆਨ ਪੰਜਾਬੀ ਮਾਂ ਬੋਲੀ 'ਚ ਲੇਖ ਲਿਖਣ ਦੀ ਪ੍ਰਤਿਯੋਗਿਤਾ ਕਰਵਾਈ ਗਈ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।

# ਹੰਸ ਫਾਊਂਡੇਸ਼ਨ ਮੋਬਾਇਲ ਮੈਡੀਕਲ ਪ੍ਰਬੰਧਕ ਪ੍ਰੋਜੈਕਟ ਦੇ ਕਲਾਕਾਰਾਂ ਦੀ ਟੀਮ ਵੱਲੋਂ ਨੁੱਕੜ ਨਾਟਕ ਪੇਸ਼ ਕੀਤੇ ਗਏ





ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ 21 ਨਵੰਬਰ (ਅਸ਼ੋਕ ਭਾਰਦਵਾਜ)** ਦ ਹੰਸ ਫਾਊਂਡੇਸ਼ਨ ਮੋਬਾਈਲ ਮੈਡੀਕਲ ਯੂਨਿਟ ਸਿਹਤ ਸੰਬੰਧੀ ਜਾਗਰੂਕਤਾ ਫੈਲਾਉਣ ਸੰਬੰਧੀ ਹਮੇਸ਼ਾ ਹੀ ਮੋਹਰੀ ਰਹੀ ਹੈ । ਇਸ ਸੰਸਥਾ ਵੱਲੋਂ ਕਾਫ਼ੀ ਲੰਬੇ ਸਮੇਂ ਤੋਂ ਪਿੰਡ- ਪਿੰਡ ਜਾ ਕੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇ ਕੇ ਉਹਨਾਂ ਦਾ ਇਲਾਜ਼ ਕੀਤਾ ਜਾ ਰਿਹਾ ਹੈ। ਸਮੇਂ-ਸਮੇਂ ਤੇ ਇਸ ਸੰਸਥਾ ਦੇ ਮੈਂਬਰਾਂ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਸਿਹਤ ਸੰਬੰਧੀ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ। ਇਸ ਦੇ ਸੰਬੰਧ ਵਿੱਚ ਅੱਜ ਪਿੰਡ ਵਾਹਗੇ ਵਾਲਾ ਜ਼ਿਲਾ ਫਿਰੋਜ਼ਪੁਰ ਵਿਖੇ ਦ ਹੰਸ ਫਾਊਂਡੇਸ਼ਨ ਮੋਬਾਇਲ ਮੈਡੀਕਲ ਪ੍ਰਬੰਧਕ ਪ੍ਰੋਜੈਕਟ ਕੋਆਰਡੀਨੇਟਰ ਸੱਤਿਆਜੀਤ ਸਰਕਾਰ ਦੀ ਰਹਿਨੁਮਾਈ ਹੇਠ ਕਲਾਕਾਰਾਂ ਦੀ ਟੀਮ ਵੱਲੋਂ ਨੁੱਕੜ ਨਾਟਕ ਪੇਸ਼ ਕੀਤੇ ਗਏ, ਜਿੰਨਾਂ ਦਾ ਵਿਸ਼ਾ ਸਿਹਤ ਸੰਬੰਧੀ ਜਾਗਰੂਕਤਾ ਦਾ ਸੁਨੇਹਾ ਦੇਣਾ ਰਿਹਾ । ਇਸ ਸਮੇਂ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਪਹੁੰਚ ਕੇ ਇਹਨਾਂ ਨੁੱਕੜ ਨਾਟਕਾਂ ਜਰਿਏ ਚੰਗੀ ਸਿਹਤ ਬਰਕਰਾਰ ਰੱਖਣ ਸੰਬੰਧੀ ਅਨੇਕਾਂ ਗੱਲਾਂ ਦਾ ਗਿਆਨ ਪ੍ਰਾਪਤ ਕੀਤਾ। ਇਸ ਸਮੇਂ ਦ ਹੰਸ ਫਾਊਂਡੇਸ਼ਨ ਮੋਬਾਈਲ ਮੈਡੀਕਲ ਯੂਨਿਟ 02 ਦੀ ਟੀਮ ਵੱਲੋਂ ਸਿਹਤ ਸੰਬੰਧੀ ਇਲਾਕਾ ਨਿਵਾਸੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਸਮੇਂ ਡਾਕਟਰ ਅੰਕੁਰਪ੍ਰੀਤ ਸਿੰਘ ਕਾਹਲੋਂ,ਸਾਹਿਲ ਸ਼ਰਮਾ( ਫਾਰਮਾਸਿਸਟ) ਵਿਕਰਮ ਸਿੰਘ( ਲੈਬ ਟੈਕਨੀਸ਼ੀਅਨ) ਮੈਡਮ ਸ਼ਿਵਾਨੀ ਚੌਧਰੀ( SPO) ਰਣਜੀਤ ਸਿੰਘ (ਪਾਇਲਟ )ਅਤੇ ਰਾਜੀਵ ਆਰੀਆ( ਡਰੱਗ ਇੰਚਾਰਜ ) ਹਾਜ਼ਰ ਸਨ।

# ਚੇਅਰਮੈਨ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਪਰਮਿੰਦਰ ਸਿੰਘ ਗੋਲਡੀ ਵੱਲੋਂ ਪੰਜਾਬ ਰਾਜ ਅੰਤਰਵਰਸਿਟੀ ਯੁਵਕ ਮੇਲੇ ਦਾ ਪੋਸਟਰ ਰੀਲੀਜ ਕੀਤਾ

## ਯੁਵਕ ਮੇਲਾ 29 ਨਵੰਬਰ ਤੋਂ 2 ਦਸੰਬਰ ਤੱਕ ਪੀ.ਏ.ਯੂ ਲੁਧਿਆਣਾ ਵਿਖੇ ਕਰਵਾਇਆ ਜਾਵੇਗਾ :- ਚੇਅਰਮੈਨ ਪਰਮਿੰਦਰ ਸਿੰਘ ਗੋਲਡੀ

ਪੰਜਾਬ ਦਾ ਖੁਲਾਸਾ



**ਲੁਧਿਆਣਾ, 21 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)**- ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਸ੍ਰੀ ਪਰਮਿੰਦਰ ਸਿੰਘ ਗੋਲਡੀ ਵੱਲੋਂ ਵੀਰਵਾਰ ਨੂੰ ਬੋਰਡ ਦੇ ਦਫਤਰ ਵਿਖੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਅਤੇ ਸਰਪ੍ਰਸਤੀ ਹੇਠ ਕਰਵਾਏ ਜਾ ਰਹੇ ਪੰਜਾਬ ਰਾਜ ਅੰਤਰ-ਵਰਸਿਟੀ ਯੁਵਕ ਮੇਲਾ-2024 ਦਾ ਪੋਸਟਰ ਰੀਲੀਜ ਕੀਤਾ ਗਿਆ। ਇਹ ਯੁਵਕ ਮੇਲਾ 29 ਨਵੰਬਰ ਤੋਂ 2 ਦਸੰਬਰ ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ), ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਰਾਜ ਦੀ ਸਿਰਮੌਰ ਯੂਨੀਵਰਸਿਟੀਆਂ ਦੀਆ ਟੀਮਾਂ ਵੱਲੋਂ 51 ਵੱਖ-ਵੱਖ ਕਲਚਰਲ ਅਤੇ ਵਿਰਾਸਤੀ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਸ੍ਰੀ ਪਰਮਿੰਦਰ ਸਿੰਘ ਗੋਲਡੀ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਨੌਜਵਾਨਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਅਤੇ ਨਿਖਾਰਨ ਦਾ ਇੱਕ ਵੱਡਾ ਮੰਚ ਵਿਭਾਗ ਵੱਲੋਂ ਇਸ ਮੇਲੇ ਰਾਹੀਂ ਦਿੱਤਾ ਜਾ ਰਿਹਾ ਹੈ। ਇਸ ਯੁਵਕ ਮੇਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੀਆਂ ਟੀਮਾਂ ਨੂੰ ਨੈਸ਼ਨਲ ਪੱਧਰ ਤੇ ਰਾਜ ਦੀ ਨੁਮਾਇੰਦਗੀ ਕਰਨ ਦਾ ਮੌਕਾ ਵੀ ਪ੍ਰਦਾਨ ਕੀਤਾ ਜਾਂਦਾ ਹੈ। ਇਸ 4 ਰੋਜਾਂ ਯੁਵਕ ਮੇਲੇ ਦੌਰਾਨ ਗਿੱਧਾ, ਭੰਗੜਾ ਕਵੀਸ਼ਰੀ, ਵਾਰ-ਗਾਇਨ, ਕਲੀ, ਗਜ਼ਲ, ਨਾਟਕ (ਥੀਏਟਰ), ਵਿਰਾਸਤੀ ਕਲਾਵਾਂ ਅਤੇ ਹੋਰ ਸੱਭਿਆਚਾਰਕ ਮੁਕਾਬਲੇ ਕਰਵਾਏ ਜਾਣਗੇ। ਜਿਨ੍ਹਾਂ ਵਿੱਚ 2000 ਤੋਂ ਵੱਧ ਨੌਜਵਾਨ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ। ਇਸ ਯੁਵਕ ਮੇਲੇ ਦੌਰਾਨ ਰੋਜਾਨਾ ਰਾਤ ਨੂੰ ਕਲਚਰਲ ਨਾਈਟ ਪ੍ਰੋਗਰਾਮ ਵਿੱਚ ਪੰਜਾਬ ਦੇ ਨਾਮੀ ਕਲਾਕਾਰ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਯੁਵਕ ਸੇਵਾਵਾਂ ਵਿਭਾਗ ਵੱਲੋਂ ਇਹ ਚਾਰ ਰੋਜਾ ਯੁਵਕ ਮੇਲਾ ਸ੍ਰੀ ਸਰਵਜੀਤ ਸਿੰਘ ਵਿਸ਼ੇਸ਼ ਮੁੱਖ ਸਕੱਤਰ, ਅਤੇ ਡਾਇਰੈਕਟਰ ਹਰਪ੍ਰੀਤ ਸਿੰਘ ਸੂਦਨ ਦੀ ਦੇਖ ਰੇਖ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਸਤਿਬੀਰ ਸਿੰਘ ਗੋਸਲ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਿੱਚ ਇਸ ਯੁਵਕ ਮੇਲੇ ਨੂੰ ਲੈ ਕੇ ਬੜਾ ਉਤਸ਼ਾਹ ਪਾਇਆ ਜਾ ਰਿਹਾ ਹੈ। ਯੁਵਕ ਮੇਲਾ 2024 ਦਾ ਪੋਸਟਰ ਰੀਲੀਜ ਕਰਨ ਮੌਕੇ ਚੇਅਰਮੈਨ ਸ੍ਰੀ ਪਰਮਿੰਦਰ ਸਿੰਘ ਗੋਲਡੀ ਤੋਂ ਇਲਾਵਾਂ ਵਿਭਾਗ ਦੇ ਡਿਪਟੀ ਡਾਇਰੈਕਟਰ ਸ੍ਰੀ ਕੁਲਵਿੰਦਰ ਸਿੰਘ, ਸਹਾਇਕ ਡਾਇਰੈਕਟਰ ਸ੍ਰੀਮਤੀ ਰੁਪਿੰਦਰ ਕੌਰ ਅਤੇ ਡਾਇਰੈਕਟਰ ਯੂਥ ਵੈਲਫੇਅਰ (ਪੰਜਾਬ ਐਗਰੀਕਲਚਰਲ ਯੂਨੀਵਰਸਿਟੀ) ਸ੍ਰੀ ਨਿਰਮਲ ਜੌੜਾ ਵੀ ਹਾਜ਼ਰ ਸਨ।

# ਪਿੰਡ ਮਹੇੜੂ ਦੀ ਸਾਰੀ ਪੰਚਾਇਤ ਹੋਈ ਆਮ ਆਦਮੀ ਪਾਰਟੀ ਵਿਚ ਸ਼ਾਮਿਲ

ਪੰਜਾਬ ਦਾ ਖੁਲਾਸਾ

**ਫਗਵਾੜਾ 21 ਨਵੰਬਰ (ਪ੍ਰੀਤ ਕੌਰ ਪ੍ਰੀਤੀ)**: ਪਿੰਡ ਮਹੇੜੂ ਦੀ ਸਮੁੱਚੀ ਪੰਚਾਇਤ ਨੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਦਾ ਸੁਆਗਤ ਕੈਬਨਿਟ ਮੰਤਰੀ ਡਾ. ਰਵਜੋਤ ਨੇ ਕੀਤਾ। ਉਨ੍ਹਾਂ ਭਰੋਸਾ ਦਿੱਤਾ ਕਿ ਪਿੰਡ ਨੂੰ ਮਾਡਲ ਗ੍ਰਾਮ ਬਣਾਉਣ 'ਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਪਿੰਡ ਦੇ ਅਧੂਰੇ ਕੰਮ ਮੁੱਢਲੇ ਆਧਾਰ 'ਤੇ ਕਰਵਾਏ ਜਾਣਗੇ।ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਨੇ ਕਿਹਾ ਕਿ ਸਰਕਾਰ ਨੇ ਪਿੰਡ ਦਾ ਕਾਫ਼ੀ ਵਿਕਾਸ ਕਰਵਾਇਆ ਹੈ ਤੇ ਪੇਂਡੂ ਵਿਕਾਸ ਨੂੰ ਤਰਜੀਹ ਦੇਣ ਵਾਲੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ 'ਆਪ' ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਹੈ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਚੇਰਅਮੈਨ ਲਲਿਤਾ ਸਕਲਾਨੀ, ਅਸ਼ੋਕ ਭਾਟੀਆ, ਜੋਗਿੰਦਰ ਪਾਲ ਬੇਦੀ, ਰਵਿੰਦਰ ਲੱਡੂ ਅਤੇ ਸਤੀਸ਼ ਸਲਹੋਤਰਾ ਸਨੀ ਹਾਜ਼ਰ ਸਨ।



# ਪੁਲਿਸ ਨੇ ਛਾਪੇਮਾਰੀ ਦੌਰਾਨ ਨਜਾਇਜ਼ ਚਾਇਨਾ ਡੋਰ ਦੇ 900 ਗੱਟੇ ਬਰਾਮਦ ਕੀਤੇ

ਪੰਜਾਬ ਦਾ ਖੁਲਾਸਾ

**ਜਲੰਧਰ 21 ਨਵੰਬਰ (ਅਮ੍ਰਿਤਪਾਲ ਸਿੰਘ)** ਕਮਿਸ਼ਨਰੇਟ ਪੁਲੀਸ ਨੇ ਚੀਨੀ ਡੋਰ ਦੇ 900 ਗੱਟੇ ਬਰਾਮਦ ਕੀਤੇ ਹਨ। ਇਸ ਸਬੰਧੀ ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲੀਸ ਨੂੰ ਇਤਲਾਹ ਮਿਲੀ ਸੀ ਕਿ ਅਖਿਲ ਦੁਆ ਤੇ ਸੁਭਾਸ਼ ਦੁਆ ਵਾਸੀ ਕੇਜੀਐੱਸ ਪੈਲੇਸ ਨੇੜੇ ਨਿਜਾਤਮ ਨਗਰ ਜਲੰਧਰ ਨੇ ਆਪਣੇ ਘਰਾਂ ਵਿੱਚ ਪਤੰਗ ਉਡਾਉਣ ਵਿੱਚ ਵਰਤੀ ਜਾਣ ਵਾਲੀ ਗੈਰ-ਕਾਨੂੰਨੀ ਚੀਨੀ ਡੋਰ ਰੱਖੀ ਹੋਈ ਸੀ।ਉਨ੍ਹਾਂ ਦੱਸਿਆ ਕਿ ਥਾਣਾ ਡਿਵੀਜ਼ਨ ਨੰਬਰ 5 ਜਲੰਧਰ 'ਚ ਐੱਫਆਈਆਰ ਦਰਜ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਮੁਲਜ਼ਮਾਂ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਜਿਸ ਦੌਰਾਨ ਕਥਿਤ ਦੋਸ਼ੀਆਂ ਦੇ ਘਰਾਂ 'ਚੋਂ 900 ਗੱਟੂ ਨਾਜਾਇਜ਼ ਚੀਨੀ ਡੋਰ ਬਰਾਮਦ ਕੀਤੀ ਗਈ। ਕਥਿਤ ਦੋਸ਼ੀ ਦੀ ਗ੍ਰਿਫ਼ਤਾਰੀ ਲਈ ਛਾਪੇ ਜਾਰੀ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਮਾਤਾ ਗੁਜਰ ਕੌਰ ਜੀ ਦੀ 400 ਸਾਲਾ ਜਨਮ ਸ਼ਤਾਬਦੀ

# ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਕਰਤਾਰਪੁਰ ਵਿਖੇ ਕੀਰਤਨ ਦਰਬਾਰ ਨਾਲ ਹੋਈ ਦੋ ਦਿਨਾਂ ਸਮਾਗਮਾਂ ਦੀ ਆਰੰਭਤਾ





ਪੰਜਾਬ ਦਾ ਖੁਲਾਸਾ

**ਜੈਤੋ, 21 ਨਵੰਬਰ( ਰਘੂਨੰਦਨ ਪਰਾਸ਼ਰ )**:ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਗੁਜਰ ਕੌਰ ਜੀ ਦੀ 400 ਸਾਲਾ ਜਨਮ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਦਿਨਾਂ ਸਮਾਗਮ ਅੱਜ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਕਰਤਾਰਪੁਰ ਵਿਖੇ ਪੰਥਕ ਪ੍ਰੰਪਰਾਵਾਂ ਅਨੁਸਾਰ ਆਰੰਭ ਹੋਏ। ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਤੋਂ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਦੀ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਸੰਪੂਰਨਤਾ ਹੋਈ ਅਤੇ ਵਿਸ਼ੇਸ਼ ਤੌਰ 'ਤੇ ਕੀਰਤਨ ਦਰਬਾਰ ਕਰਵਾਇਆ ਗਿਆ। ਕਰਤਾਰਪੁਰ ਸਾਹਿਬ ਪਹੁੰਚਣ ਤੇ ਨਗਰ ਕੀਰਤਨ ਦਾ ਸੰਗਤਾਂ ਨੇ ਭਰਵਾਂ ਸਵਾਗਤ ਕੀਤਾ। ਦੇਰ ਰਾਤ ਤੱਕ ਚੱਲੇ ਗੁਰਮਤਿ ਸਮਾਗਮ ਦੌਰਾਨ ਪੰਥ ਪ੍ਰਸਿੱਧ ਕਵੀਸ਼ਰ ਭਾਈ ਗੁਰਿੰਦਰਪਾਲ ਸਿੰਘ ਬੈਂਕਾਂ ਦੇ ਜਥੇ ਨੇ ਸੰਗਤਾਂ ਨਾਲ ਇਤਿਹਾਸ ਦੀ ਸਾਂਝ ਪਾਈ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੌਕੀਨ ਸਿੰਘ, ਭਾਈ ਸਤਨਾਮ ਸਿੰਘ ਕੋਹਾੜਕਾ, ਭਾਈ ਜਗਤਾਰ ਸਿੰਘ ਖ਼ਾਲਸਾ, ਬੀਬੀ ਰਵਿੰਦਰ ਕੌਰ ਖ਼ਾਲਸਾ ਪਟਿਆਲਾ, ਭਾਈ ਗੁਰਪਾਲ ਸਿੰਘ ਤਰਨ ਤਾਰਨ ਤੇ ਭਾਈ ਬ੍ਰਹਮਜੋਤ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਲਗਾਈ ਗਈ ਪੁਸਤਕ ਅਤੇ ਚਿੱਤਰ ਪ੍ਰਦਰਸ਼ਨੀ ਸੰਗਤ ਲਈ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ ਭਟਨੂਰਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਸ. ਗੁਰਦਿਆਲ ਸਿੰਘ, ਸ. ਗੁਰਚਰਨ ਸਿੰਘ ਕੁਹਾਲਾ, ਸ. ਸੁਖਬੀਰ ਸਿੰਘ, ਇੰਚਾਰਜ ਸ. ਕਰਤਾਰ ਸਿੰਘ, ਚੀਫ਼ ਸ. ਲਖਵੰਤ ਸਿੰਘ, ਗੁਰਦੁਆਰਾ ਗੰਗਸਰ ਸਾਹਿਬ ਦੇ ਮੈਨੇਜਰ ਸ. ਜਸਵਿੰਦਰ ਸਿੰਘ, ਸ. ਸਤਿੰਦਰ ਸਿੰਘ, ਸ. ਕਰਮਜੀਤ ਸਿੰਘ ਨਾਭਾ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਪ੍ਰਚਾਰਕ ਭਾਈ ਹਰਜੀਤ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

**22 ਨਵੰਬਰ ਨੂੰ ਹੋਵੇਗਾ ਸ਼ਤਾਬਦੀ ਸੰਬੰਧੀ ਮੁੱਖ ਸਮਾਗਮ**- ਮਾਤਾ ਗੁਜਰ ਕੌਰ ਜੀ ਦੀ 400 ਸਾਲਾ ਜਨਮ ਸ਼ਤਾਬਦੀ ਸੰਬੰਧੀ ਮੁੱਖ ਸਮਾਗਮ 22 ਨਵੰਬਰ ਨੂੰ ਹੋਵੇਗਾ, ਜਿਸ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰ, ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਸਿੱਖ ਸੰਪ੍ਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਤੇ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਹਾਲ ਵਿਖੇ ਮੁੱਖ ਸਮਾਗਮ ਹੋਵੇਗਾ, ਜਿਸ ਵਿਚ ਪੰਥ ਦੇ ਨਾਮਵਰ ਜਥੇ ਸੰਗਤਾਂ ਨੂੰ ਗੁਰਬਾਣੀ, ਗੁਰ-ਇਤਿਹਾਸ ਨਾਲ ਜੋੜਨਗੇ। ਸਮਾਗਮ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਵੀ ਸੰਬੋਧਨ ਕਰਨਗੀਆਂ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੀ ਅਚਨਚੇਤ ਚੈਕਿੰਗ

✚ ਪੰਜਾਬ ਦਾ ਖੁਲਾਸਾ

**ਲੁਧਿਆਣਾ, 21 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)**-ਸ੍ਰੀਮਤੀ ਹਰਪ੍ਰੀਤ ਕੌਰ ਰੰਧਾਵਾ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਕੇਂਦਰੀ ਜੇਲ੍ਹ, ਲੁਧਿਆਣਾ, ਬੋਰਸਟਲ ਜੇਲ੍ਹ, ਲੁਧਿਆਣਾ ਅਤੇ ਜਨਾਨਾ ਜੇਲ੍ਹ, ਲੁਧਿਆਣਾ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਦੀਆਂ ਬੈਰਕਾਂ ਦੀ ਚੈਕਿੰਗ ਕੀਤੀ ਗਈ ਅਤੇ ਉਥੇ ਹਵਾਲਾਤੀਆਂ ਅਤੇ ਕੈਦੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਸੁਣਿਆ ਗਿਆ ਅਤੇ ਮੌਕੇ ਤੇ ਹੀ ਜੇਲ੍ਹ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਤੁਰੰਤ ਕਰਨ ਦੇ ਹੁਕਮ ਜਾਰੀ ਕੀਤੇ ਗਏ। ਇਸ ਮੌਕੇ ਤੇ ਉਨ੍ਹਾਂ ਵੱਲੋਂ ਕੇਂਦਰੀ ਜੇਲ੍ਹ, ਲੁਧਿਆਣਾ ਵਿੱਚ ਤਾਇਨਾਤ ਡਾਕਟਰਾਂ ਨੂੰ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਨੂੰ ਡਾਕਟਰੀ ਇਲਾਜ ਵਿੱਚ ਪੇਸ਼ ਆ ਰਹੀਆਂ ਦਿੱਕਤਾਂ ਦਾ ਹਰ ਸੰਭਵ ਯਤਨ ਤੁਰੰਤ ਕੀਤੇ ਜਾਣ ਦੇ ਹੁਕਮ ਜਾਰੀ ਕੀਤੇ ਗਏ। ਸੈਸ਼ਨ ਜੱਜ ਵੱਲੋਂ ਜੇਲ੍ਹ ਦੇ ਲੰਗਰ ਹਾਲ ਦਾ ਵਿਸ਼ੇ ਸ਼ ਤੌਰ ਤੇ ਨਿਰੀਖਣ ਕੀਤਾ ਗਿਆ ਅਤੇ ਉਥੇ ਬਣ ਰਹੇ ਖਾਣੇ ਜਿਸ ਵਿੱਚ ਰੋਟੀ ਅਤੇ ਦਾਲ ਸ਼ਾਮਲ ਸਨ, ਨੂੰ ਚੈੱਕ ਕੀਤਾ ਗਿਆ।



ਇਸ ਤੋਂ ਇਲਾਵਾ ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਜੇਲ੍ਹ ਵਿੱਚ ਵੱਖ-ਵੱਖ ਹਵਾਲਾਤੀਆਂ ਅਤੇ ਕੈਦੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਜੇਲ੍ਹ ਵਿੱਚ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਪੁੱਛਿਆ ਗਿਆ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਮੌਕੇ ਤੇ ਹੀ ਹੱਲ ਕਰਨ ਦੇ ਉਪਰਾਲੇ ਕੀਤੇ ਗਏ। ਜਨਾਨਾ ਜੇਲ੍ਹ ਦੀ ਚੈਕਿੰਗ ਦੌਰਾਨ ਉਨ੍ਹਾਂ ਵੱਲੋਂ ਬੰਦੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਜੇਲ੍ਹ ਵਿੱਚ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਪੁੱਛਿਆ ਗਿਆ। ਇਸ ਮੌਕੇ ਸੈਸ਼ਨ ਜੱਜ ਵੱਲੋਂ ਜੇਲ੍ਹ ਅਧਿਕਾਰੀਆਂ ਨੂੰ ਜੇਲ੍ਹ ਦੀਆਂ ਬੰਦੀ ਔਰਤਾਂ ਦੀਆਂ ਸਮੱਸਿਆਵਾਂ ਦਾ ਹੱਲ ਛੇਤੀ ਤੋਂ ਛੇਤੀ ਕਰਨ ਦੇ ਹੁਕਮ ਦਿੱਤੇ ਗਏ। ਉਨ੍ਹਾਂ ਜਨਾਨਾ ਜੇਲ੍ਹ ਵਿੱਚ ਬੰਦੀ ਔਰਤਾਂ ਨੂੰ ਮਿਲ ਰਹੀ ਮੈਡੀਕਲ ਸਹੂਲਤ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਜੇਲ੍ਹ ਬੰਦੀਆਂ ਨੂੰ ਦੱਸਿਆ ਕਿ ਜਿਹੜੇ ਬੰਦੀ ਆਪਣੇ ਕੇਸ ਦੀ ਪੈਰਵੀ ਲਈ ਆਪਣੇ ਪ੍ਰਾਈਵੇਟ ਪੱਧਰ ਤੇ ਐਡਵੋਕੇਟ ਹਾਇਰ ਕਰਨ ਵਿੱਚ ਅਸਮਰਥ ਹਨ, ਉਹ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਤੋਂ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਮੁਫਤ ਕਾਨੂੰਨੀ ਸਹਾਇਤਾ ਲੈਣ ਲਈ ਉਨ੍ਹਾਂ ਵੱਲੋਂ ਜੇਲ੍ਹ ਵਿੱਚ ਖੋਲ੍ਹੇ ਹੋਏ ਲੀਗਲ ਏਡ ਕਲੀਨਿਕ ਵਿੱਚ ਪੇਸ਼ ਹੋ ਕੇ ਕਾਨੂੰਨੀ ਸਹਾਇਤਾ ਦਾ ਫਾਰਮ ਭਰਵਾਇਆ ਜਾ ਸਕਦਾ ਹੈ। ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੇ ਸੁਪਰਡੈਂਟ ਨੂੰ ਜੇਲ੍ਹ ਵਿੱਚ ਪਾਈਆਂ ਗਈਆਂ ਕਮੀਆਂ ਬਾਬਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਅਤੇ ਹਦਾਇਤ ਕੀਤੀ ਗਈ ਕਿ ਪਾਈਆਂ ਗਈਆਂ ਕਮੀਆਂ ਤੇ ਤੁਰੰਤ ਅਮਲ ਸਬੰਧੀ ਰਿਪੋਰਟ ਪੇਸ਼ ਕੀਤੀ ਜਾਵੇ। ਇਸ ਮੌਕੇ ਸ੍ਰੀ ਹਰਵਿੰਦਰ ਸਿੰਘ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਅਤੇ ਸ੍ਰੀਮਤੀ ਪ੍ਰੀਤੀ ਸੁਖੇਜਾ, ਮਾਨਯੋਗ ਅਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ), ਲੁਧਿਆਣਾ ਵੀ ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ ਸਾਹਿਬ ਨਾਲ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਦਾਣਾ ਮੰਡੀ ਚੀਦਾ ਵਿੱਚ ਪੰਦਰਾਂ ਦਿਨਾਂ ਤੋਂ ਰੁਲ ਰਹੇ ਕਿਸਾਨ

✚ ਪੰਜਾਬ ਦਾ ਖੁਲਾਸਾ

**ਬਾਘਾ ਪੁਰਾਣਾ , 21 ਨਵੰਬਰ (ਪ ਪ )** – ਅੱਜ ਬੀ ਕੇ ਯੂ ਉਗਰਾਹਾਂ ਬਲਾਕ ਬਾਘਾ ਪੁਰਾਣਾ ਦੇ ਪ੍ਰਧਾਨ ਗੁਰਦਾਸ ਸਿੰਘ ਸੇਖਾ, ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਘੋਲੀਆ, ਮੀਤ ਪ੍ਰਧਾਨ ਗੁਰਦੇਵ ਸਿੰਘ ਡੇਮਰੂ, ਖਜਾਨਚੀ ਅਜੀਤ ਸਿੰਘ ਡੇਮਰੂ, ਸਲਾਹਕਾਰ ਸੁਖਵਿੰਦਰ ਸਿੰਘ ਕਾਲਾ ਲੰਗਿਆਣਾ ਅਤੇ ਰਛਪਾਲ ਸਿੰਘ ਗਰੇਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਜਨਰਲ ਸਕੱਤਰ ਬੀ ਕੇ ਯੂ ਉਗਰਾਹਾਂ ਪਿੰਡ ਇਕਾਈ ਚੀਦਾ ਗੁਰਤੀਰ ਸਿੰਘ ਚੀਦਾ ਅਤੇ ਪ੍ਰਧਾਨ ਅੰਗਰੇਜ਼ ਸਿੰਘ ਅਤੇ ਖਜਾਨਚੀ ਬਸੰਤ ਸਿੰਘ ਵੱਲੋਂ ਪਿੰਡ ਚੀਦਾ ਦੀ ਮੰਡੀ ਵਿਚ ਪਿਛਲੇ ਪੰਦਰਾਂ ਸੋਲਾਂ ਦਿਨਾਂ ਤੋਂ ਝੋਨਾ ਵੇਚਣ ਲਈ ਬੇਵੱਸ ਬੈਠੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਿਸਾਨ ਬਲਤੇਜ ਸਿੰਘ ਮੱਲ੍ਹੀ ਅਤੇ ਮੱਖਣ ਸਿੰਘ ਜੋ ਸਰਕਾਰ ਦੇ ਰਿਕਮੈਂਡ ਕੀਤੇ ਪੀ ਆਰ 126 ਝੋਨੇ ਦੀ ਬਿਜਾਈ ਸਹੀ ਢੰਗ ਨਾਲ ਸਹੀ ਸਮੇਂ ਕਰਕੇ ਐਹਨ ਪੂਰੀ ਤਰ੍ਹਾਂ ਪਕਾਕੇ ਝੋਨੇ ਦਾ ਵੱਢਣ ਤੋਂ ਪਹਿਲਾਂ ਸੈਂਪਲ ਲਿਆਕੇ ਆੜਤੀਏ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀ ਨੂੰ ਵਿਖਾ ਕੇ ਝੋਨਾ ਵੱਢ ਕੇ ਮੰਡੀ ਲਿਆਂਦਾ ਪਰ ਇਸ ਸਭ ਕੁਝ ਦੇ ਬਾਵਜੂਦ ਵੀ ਅੱਜ ਮੰਡੀ ਵਿੱਚ ਰੁਲਦਿਆਂ ਨੂੰ ਪੰਦਰਾਂ ਸੋਲਾਂ ਦਿਨ ਹੋ ਗਏ ਹਨ। ਸਰਕਾਰੀ ਏਜੰਸੀਆਂ ਦਾ ਇੰਸਪੈਕਟਰ ਅਤੇ ਸ਼ੈਲਰ ਮਾਲਕਾਂ ਦਾ ਵਰਕਰ ਆਕੇ ਝੋਨੇ ਦੇ ਸੈਂਪਲ ਨੂੰ ਹਰ ਰੋਜ਼ ਫੇਲ੍ਹ ਇਹ ਕਹਿ ਕੇ ਕਰ ਦਿੰਦਾ ਹੈ ਕਿ ਹਾਲੇ ਝੋਨੇ ਵਿੱਚ ਨਮੀ ਜ਼ਿਆਦਾ ਹੈ ਪਰ ਕਿਸਾਨਾਂ ਨੇ ਦੱਸਿਆ ਕਿ ਸਾਡੇ ਸਾਹਮਣੇ ਕੱਢੇ ਗਏ ਮੌਸਚਰ ਨੂੰ ਮਸ਼ੀਨ 18% ਦੱਸਦੀ ਹੈ ਪਰ ਫਿਰ ਵੀ ਝੋਨੇ ਦੀ ਖਰੀਦ ਕਰਨ ਸਬੰਧੀ ਟਾਲ ਮਟੋਲ ਕੀਤੀ ਜਾ ਰਹੀ ਹੈ। ਕਿਸਾਨਾਂ ਨੇ ਸਰਕਾਰ ਅਤੇ ਆੜ੍ਹਤੀਆਂ ਤੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਜਦ ਝੋਨੇ ਦਾ ਸੈਂਪਲ ਪਹਿਲਾਂ ਵਿਖਾਕੇ ਵੱਢਿਆ ਗਿਆ ਤਾਂ ਵੀ ਇਹ ਹਾਲ ਹੋ ਰਿਹਾ ਜੇਕਰ ਅਸੀਂ ਆਪਣੀ ਮਰਜ਼ੀ ਨਾਲ ਝੋਨੇ ਨੂੰ ਵੱਢਕੇ ਮੰਡੀ ਵਿੱਚ ਲੈ ਆਉਂਦੇ ਤਾਂ ਸਾਰਾ ਠੀਕਰਾ ਸਾਡੇ ਸਿਰ ਭੰਨ ਦੇਣਾ ਸੀ।ਇਸ ਮੌਕੇ ਕਿਸਾਨ ਆਗੂ ਗੁਰਤੀਰ ਸਿੰਘ ਚੀਦਾ ਨੇ ਕਿਸਾਨਾਂ ਸਾਹਮਣੇ ਹੀ ਮੌਕੇ ਤੇ ਐਸ ਡੀ ਐਮ ਬਾਘਾ ਪੁਰਾਣਾ ਨਾਲ ਫੋਨ ਤੇ ਗੱਲ ਕਰਦਿਆਂ ਕਿਸਾਨਾਂ ਦੀਆਂ ਮੁਸਕਲਾਂ ਦੱਸੀਆਂ ਤਾਂ ਉਹਨਾਂ ਨੇ ਤਰੁੰਤ ਬਹੁਤ ਹੀ ਸਲੀਕੇ ਨਾਲ ਗੱਲਬਾਤ ਕਰਦਿਆਂ ਭਰੋਸਾ ਦਿੱਤਾ ਕਿ ਕੱਲ੍ਹ ਤੱਕ ਚੀਦਾ ਮੰਡੀ ਵਿੱਚੋਂ ਸਾਰੇ ਝੋਨੇ ਦੀ ਖਰੀਦ ਕੀਤੀ ਜਾਵੇਗੀ ਅਤੇ ਕਿਸਾਨ ਆਗੂਆਂ ਨੇ ਕਿਹਾ ਜੇਕਰ ਕੱਲ੍ਹ ਤੱਕ ਕੋਈ ਹੱਲ ਨਾ ਹੋਇਆ ਤਾਂ ਸਾਨੂੰ ਮਜ਼ਬੂਰਨ ਧਰਨਾ ਲਾਉਣਾ ਪਵੇਗਾ। ਇਸ ਮੌਕੇ ਕੁਲਜੀਤ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਰੈਕਾਂ, ਬਿੰਦਰ ਸਿੰਘ ਖੇਤਾ ਵਾਲਾ,ਮੀਤ ਪ੍ਰਧਾਨ ਗੁਰਸੇਵਕ ਸਿੰਘ, ਸਲਾਹਕਾਰ ਤਰਸੇਮ ਸਿੰਘ ਸੇਮਾ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਫੌਜੀ, ਸੰਗਠਨ ਸਕੱਤਰ ਕਾਲਾ, ਸਲਾਹਕਾਰ ਕੁਲਬੀਰ ਸਿੰਘ ਭਾਊ, ਹਰਭਜਨ ਸਿੰਘ ਬੂਟਾ, ਬਿੰਦਰ ਸਿੰਘ ਸਿਵੀਆ ਵਾਲਾ, ਗੁਰਚਰਨ ਸਿੰਘ ਤੋਤਾ , ਸ਼ਿਵਚਰਨ ਸਿੰਘ ਮੀਰਾਬ, ਗੁਰਜੰਟ ਸਿੰਘ ਜੰਟਾ, ਜਗਦੇਵ ਸਿੰਘ ਜੱਗਾ ਆਦਿ ਕਿਸਾਨ ਹਾਜ਼ਰ ਸਨ।



# ਮਦੀਨਾ ਡਿਜ਼ੀਟਲ ਐਕਸਰੇ ਸੈਂਟਰ ਦਾ ਡਾ ਰਸ਼ਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ, ਡਾ ਗੁਰਤੇਜ ਮਚਾਕੀ ਤੇ ਭਾਰਤ ਭੂਸ਼ਨ ਨੇ ਸਾਂਝੇ ਤੌਰ ਤੇ ਕੀਤਾ ਉਦਘਾਟਨ

✚ ਪੰਜਾਬ ਦਾ ਖੁਲਾਸਾ

**ਸਾਦਿਕ, 21 ਨਵੰਬਰ (ਰਘਬੀਰ ਸਾਦਿਕ)** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ: 295 ਜ਼ਿਲ੍ਹਾ ਫ਼ਰੀਦਕੋਟ ਦੇ ਬਲਾਕ ਸਾਦਿਕ ਦੀ ਮਹੀਨਾਵਾਰ ਮੀਟਿੰਗ ਗੁਲਜ਼ਾਰ ਮਦੀਨਾ ਡਿਜ਼ੀਟਲ ਐਕਸ-ਰੇ ਸੈਂਟਰ ਅਤੇ ਫ਼ਿਜ਼ਿਓਥਰੈਪੀ ਸੈਂਟਰ ਤੇ ਕੀਤੀ ਗਈ ਜਿਸ ਵਿੱਚ ਸਭ ਤੋਂ ਪਹਿਲਾਂ ਬਲਾਕ ਦੇ ਸਟੇਜ ਸਕੱਤਰ ਵੱਲੋਂ ਸਾਰਿਆਂ ਨੂੰ ਜੀ ਆਇਆ ਆਖਿਆ ਗਿਆ ਪਿਛਲੇ ਦਿਨੀਂ ਡਾਕਟਰ ਵਰਿੰਦਰ ਸ਼ਰਮਾ ਜੀ ਦੇ ਸਤਿਕਾਰਯੋਗ ਦਾਦਾ ਜੀ ਪਰਵਾਰ ਨੂੰ ਸੰਦੀਵੀ ਵਿਛੋੜਾ ਦੇ ਜਾਣ ਤੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ ਅਤੇ ਉਸ ਤੋਂ ਬਾਅਦ ਬਲਾਕਾਂ ਦੇ ਅਹੁਦੇਦਾਰਾਂ ਵੱਲੋਂ ਅਹਿਮ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮੀਟਿੰਗ ਦੌਰਾਨ ਵਿਸ਼ੇਸ ਤੌਰ ਤੇ ਪਹੁੰਚੇ ਜ਼ਿਲ੍ਹਾ ਪ੍ਰਧਾਨ ਡਾ ਰਸ਼ਪਾਲ ਸਿੰਘ ਸੰਧੂ ਅਤੇ ਜ਼ਿਲ੍ਹਾ ਜਨਰਲ ਸਕੱਤਰ ਡਾ ਗੁਰਤੇਜ ਮਚਾਕੀ ਨੇ ਜ਼ਿਲ੍ਹਾ ਕਮੇਟੀ ਅਤੇ ਸਟੇਟ ਕਮੇਟੀ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਵਿਸਥਾਰ ਪੂਰਵਿਕ ਜਾਣਕਾਰੀ ਦਿੱਤੀ ਹੈ ਉਸ ਤੇ ਉਸ ਤੋਂ ਬਾਅਦ ਬਲਾਕ ਸਾਦਿਕ ਦੇ ਡਾ ਬਿੱਟੂ ਸਿੰਘ ਜੋ ਪਿੰਡ ਬੁੱਟਰ ਤੋਂ ਪਿਛਲੇ ਦਿਨੀ ਸਰਪੰਚ ਚੁਣੇ ਗਏ ਸਨ ਉਹਨਾਂ ਨੂੰ ਸਿਰੋਪਿਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਸ ਤੋਂ ਬਾਅਦ ਡਾ ਰਸ਼ਪਾਲ ਸਿੰਘ ਸੰਧੂ, ਡਾ ਗੁਰਤੇਜ ਮਚਾਕੀ ਅਤੇ ਡਾਕਟਰ ਭਾਰਤ ਭੂਸ਼ਣ ਅਤੇ ਹੋਰ ਸਮੂਹ ਅਹੁਦੇਦਾਰਾਂ ਵੱਲੋਂ ਡਿਜ਼ਿਟਲ ਐਕਸਰੇ ਮਸ਼ੀਨ ਦਾ ਉਦਘਾਟਨ ਰੀਬਨ ਕੱਟ ਕੇ ਸਾਂਝੇ ਤੌਰ ਤੇ ਕੀਤਾ ਗਿਆ ਅਤੇ ਉਸ ਤੋਂ ਬਾਅਦ ਗੁਲਜਾਰ ਮਦੀਨਾ ਵੱਲੋਂ ਡਾ ਰਸ਼ਪਾਲ ਸਿੰਘ ਸੰਧੂ ਨੂੰ ਲੋਈ ਅਤੇ ਗੁਲਦਸਤਾਂ ਦੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ ਜਗਰੂਪ ਸਿੰਘ ਸੰਧੂ, ਡਾ ਪਿੰਕਾ ਸੰਧੂ, ਡਾ ਪਰਮਜੀਤ ਸਿੰਘ, ਡਾ ਇਕਬਾਲ ਸਿੰਘ ਗੋਲੇਵਾਲਾ, ਡਾ ਗੁਰਮੀਤ ਸਿੰਘ, ਡਾ ਰਣਜੀਤ ਸਿੰਘ, ਡਾ ਧਰਮਪਾਲ ਸਿੰਘ, ਡਾ ਗੁਰਸੇਵਕ ਸਿੰਘ, ਡਾ ਚੰਦਰ ਸਿੰਘ, ਡਾ ਟੇਕ ਸਿੰਘ ਬੱਬੂ, ਡਾ ਲਖਵਿੰਦਰ ਸਿੰਘ, ਡਾ ਮਨਪ੍ਰੀਤ ਸਿੰਘ, ਡਾ ਸੁਖਦੀਪ ਸਿੰਘ , ਡਾ ਪਵਨਪ੍ਰੀਤ ਸਿੰਘ, ਡਾ ਤਰਸੇਮ, ਡਾ ਹਮੀਰ ਸਿੰਘ, ਡਾ ਰੂਪ ਸਿੰਘ, ਡਾ ਜਗਵਿੰਦਰ ਸਿੰਘ, ਡਾ ਸੁਖਵੀਰ ਸਿੰਘ, ਡਾ ਧਰਮਿੰਦਰ ਸਿੰਘ, ਡਾ ਹਰਮੀਤ ਸਿੰਘ ਡਾ ਦੀਸ਼ਾ ਸਿੰਘ ਸਰਪੰਚ ਸਾਦਿਕ, ਡਾ ਬਲਜੀਤ ਸਿੰਘ, ਡਾ ਗੁਰਪ੍ਰੀਤ ਸਿੰਘ, ਡਾ ਬਿੰਦਰ ਸਿੰਘ ਤੋਂ ਇਲਾਵਾ ਆਦਿ ਹਾਜ਼ਰ ਸਨ।



# ਪਿੰਡ ਗੋਰਸੀਆ ਖਾਨ ਮੁਹੰਮਦ ਵਿਖੇ ਗੈਰ ਕਾਨੂੰਨੀ ਰੇਤੇ ਦੀਆਂ ਖੱਡਾਂ ਬੰਦ ਕਰਨੀਆਂ ਚਾਹੀਦੀਆਂ : ਕਾਮਰੇਡ ਗੁਰਦੀਪ ਸਿੰਘ

✚ ਪੰਜਾਬ ਦਾ ਖੁਲਾਸਾ

**ਜਗਰਾਉਂ, 21 ਨਵੰਬਰ (ਜਸਵਿੰਦਰ ਸਿੰਘ ਡਾਂਗੀ)**-ਪਿੰਡ ਵੇਹਰਾ ਜ਼ਿਲ੍ਹਾ ਲੁਧਿਆਣਾ ਦੀ ਆੜ ਹੇਠ ਪਿੰਡ ਗੋਰਸੀਆ ਖਾਨ ਮੁਹੰਮਦ ਵਿਖੇ ਰੇਤੇ ਦੀ ਗੈਰ ਕਾਨੂੰਨੀ ਵੱਡੇ ਪੱਧਰ ਉੱਪਰ ਸਿਵਲ ਪ੍ਰਸ਼ਾਸ਼ਨ ਅਤੇ ਪੁਲਿਸ ਪ੍ਰਸ਼ਾਸਨ ਦੇ ਅੱਖਾਂ ਹੇਠ ਹੋ ਰਹੀ ਹੈ ਗੋਰਸੀਆ ਖਾਨ ਮੁਹੰਮਦ ਪਿੰਡ ਦੇ ਨਾਲ ਲੱਗਦੀ ਜਮੀਨ ਕਾਇਵਾਲ ਅਤੇ ਉਮਰੇਵਾਲ (ਜਲੰਧਰ) ਦੀ ਲੱਗਦੀ ਇਨ੍ਹਾਂ ਪਿੰਡਾਂ ਵਿੱਚ ਕੋਈ ਵੀ ਸਰਕਾਰ ਦੀ ਰੇਤੇ ਦੀ ਖੱਡ ਨਹੀਂ, ਜੋ ਕਿ ਗੋਰਸੀਆਂ ਖਾਨ ਮੁਹੰਮਦ ਇਕ ਜਨਤਕ ਖੱਡ ਹੈ, ਜਿਸ ਦਾ ਉਦਘਾਟਨ ਮਾਣਯੋਗ ਮੁੱਖ ਮੰਤਰੀ ਪੰਜਾਬ ਨੇ ਕੀਤਾ ਸੀ, ਜਿਸ ਨੂੰ ਮਾਈਨਿੰਗ ਮਾਫੀਆ ਵੱਲੋਂ ਨਹੀਂ ਚੱਲਣ ਦਿੱਤਾ ਗਿਆ, ਕਿਉਂਕਿ ਗੋਰਸੀਆਂ ਖਾਨ ਮੁਹੰਮਦ ਦਰਿਆ ਦਾ ਖੇਤਰਫਲ ਬਹੁਤ ਵੱਡਾ ਹੈ, ਜਿਸ ਵਿੱਚ ਚਿੱਟਾ ਰੇਤਾ ਵੱਡੀ ਮਾਤਰਾ ਵਿੱਚ ਪਿਆ ਹੈ ਮਾਈਪਿੰਗ ਮਾਫੀਆ ਵੱਲੋਂ ਪੰਜ ਦਿਨਾਂ ਤੋਂ ਪਿੰਡ ਗੋਰਸੀਆਂ ਵਿਖੇ ਰੇਤੇ ਦੀ ਖੱਡ ਨੂੰ ਨਜਾਇਜ਼ ਤਰੀਕੇ ਨਾਲ ਚਲਾਇਆ ਜਾ ਰਿਹਾ ਸੀ ਅਤੇ ਪਰਚੀ ਵੇਹਰਾ (ਜਲੰਧਰ) ਦਿੱਤੀ ਜਾ ਰਹੀ ਸੀ ਪਰ ਕੱਲ ਤਕਰੀਬਨ 3 ਵਜੇ ਤੋਂ ਪਰਚੀ ਬੰਦ ਪਈ ਮਾਫੀਆ ਵੱਲੋਂ ਅੱਜ ਵੱਡੇ ਪੱਧਰ 'ਤੇ ਪਿੰਡ ਗੋਰਸੀਆਂ ਵਿਖੇ ਮਾਈਨਿੰਗ ਕੀਤੀ ਗਈ, ਮੇਰੇ ਵੱਲੋਂ ਆਪਣੀ ਲੈਂਟਰ ਪੈਡ ਉੱਪਰ ਲਿਖਤੀ ਸ਼ਿਕਾਇਤ ਐਕਸੀਅਨ ਲੁਧਿਆਣਾ ਤੇ ਜਲੰਧਰ ਨੂੰ ਕੀਤੀ ਗਈ, ਜਿਸ ਉਪਰੰਤ ਰੇਤਾ ਮਾਫੀਆ ਨੂੰ ਇਸ ਗੱਲ ਦੀ ਸੂਹ ਮਿਲਣ 'ਤੇ ਆਪਣੇ ਟਿੱਪਰ ਅਤੇ ਟਰਾਲੀਆਂ ਜੋ ਕਿ ਰੇਤੇ ਨਾਲ ਭਰੀਆਂ ਹੋਈਆਂ ਸਨ, ਉਸ ਨੂੰ ਭਜਾ ਕੇ ਚਲੇ ਗਏ ਗੋਰਸੀਆ ਖਾਨ ਮੁਹੰਮਦ ਵਿਖੇ ਪਏ ਰੇਤੇ ਦਾ ਜੋ ਡੰਪ ਇਨ੍ਹਾਂ ਨੇ ਜੂਨ ਮਹੀਨੇ ਲਗਾਇਆ ਸੀ ? ਇਹ ਸਾਰਾ ਕੁਝ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਦੀ ਮਿਲੀ ਭੁਗਤ ਨਾਲ ਹੋ ਰਿਹਾ ਹੈ ? ਆਖਰ ਕਿਸੇ ਆਮ ਵਿਅਕਤੀ ਨੂੰ ਆਪਣੇ ਘਰ ਬਣਾਉਣ ਲਈ ਟੋਕਰਾ ਰੇਤਾ ਦਰਿਆ ਵਿੱਚ ਭਰਦਾ ਹੈ ਤਾਂ ਇਹ ਉਨ੍ਹਾਂ ਉੱਪਰ ਪਰਚਾ ਦੇ ਦਿੰਦਿਆਂ ਹਨ ਅਤੇ ਮਾਫੀਆਂ ਲਈ ਸਭ ਕੁਝ ਮੁਆਫ਼ ਹੈ ? ਉਨ੍ਹਾਂ ਕਿਹਾ ਕਿ ਰੇਤ ਮਾਫੀਏ ਨੂੰ ਅਜਿਹਾ ਕੁਝ ਕਰਨ ਨਹੀਂ ਦਿੱਤਾ ਜਾਵੇ, ਜਿਸ ਸਬੰਧੀ ਉਚ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਜਾਵੇਗੀ।



# ਨਸ਼ੀਲੇ ਕੈਪਸੂਲ ਅਤੇ ਨਸ਼ੀਲੀਆਂ ਗੋਲੀਆਂ ਸਮੇਤ ਤਿੰਨ ਕਾਬੂ

## ਮੇਰੇ ਇਲਾਕੇ ਵਿੱਚ ਨਸ਼ਾ ਨਹੀਂ ਵਿਕ ਸਕਦਾ: ਡੀਐਸਪੀ ਖੋਸਾ

✚ ਪੰਜਾਬ ਦਾ ਖੁਲਾਸਾ

**ਜਗਰਾਉਂ: 21 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)** ਪੁਲਿਸ ਜਿਲਾ ਲੁਧਿਆਣਾ ਦਿਹਾਤੀ ਦੇ ਐਸ.ਐਸ.ਪੀ. ਨਵਨੀਤ ਸਿੰਘ ਬੈਂਸ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਐਸ.ਪੀ. (ਡੀ) ਪਰਮਿੰਦਰ ਸਿੰਘ ਅਤੇ ਡੀ.ਐਸ.ਪੀ. ਵਰਿੰਦਰ ਸਿੰਘ ਖੋਸਾ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਦਾਖਾ ਦੇ ਮੁੱਖ ਅਫਸਰ ਗੁਰਵਿੰਦਰ ਸਿੰਘ ਅਤੇ ਉਹਨਾਂ ਦੀ ਟੀਮ ਵੱਲੋਂ ਨਸ਼ਾ ਵੇਚਣ ਵਾਲਿਆਂ ਵਿਰੁੱਧ ਵੱਡੀ ਕਾਮਯਾਬੀ ਹੱਥ ਲੱਗ ਗਈ। ਪੁਲਿਸ ਪਾਰਟੀ ਵੱਲੋਂ ਦੋਸ਼ੀ ਜੈਦੀਪ ਕੁਮਾਰ ਨੂੰ 260 ਨਸ਼ੀਲੇ ਕੈਪਸੂਲ ਸਮੇਤ ਕਾਬੂ ਕੀਤਾ ਗਿਆ ਅਤੇ ਜਿਸ ਦੀ ਪੁੱਛ-ਗਿੱਛ ਤੋਂ ਅਮਨਦੀਪ ਕੁਮਾਰ ਨੂੰ 3500 ਨਸੀਲੇ ਕੈਪਸੂਲ ਸਮੇਤ ਕਾਬੂ ਕੀਤਾ ਗਿਆ ਜਿਸ ਦੀ ਪੁੱਛ-ਗਿਛ ਤੋਂ ਵਿਕਾਸ ਨੂੰ 3000 ਨਸ਼ੀਲੇ ਕੈਪਸੂਲ ਸਮੇਤ ਗ੍ਰਿਫਤਾਰ ਕੀਤਾ ਗਿਆ। ਪੁਲਿਸ ਵੱਲੋਂ ਮੁਕੱਦਮਾਂ ਦੀ ਤਫਤੀਸ਼ ਜਾਰੀ ਹੈ। ਡੀਐਸਪੀ ਖੋਸਾ ਵੱਲੋਂ ਨਸ਼ੇ ਦਾ ਧੰਦਾ ਕਰਨ ਵਾਲਿਆਂ ਨੂੰ ਸਖਤ ਤਾੜਨਾ ਕੀਤੀ ਗਈ ਹੈ ਕਿ ਨਸ਼ਿਆਂ ਦਾ ਧੰਦਾ ਕਰਨ ਵਾਲੇ ਆਪਣੀਆਂ ਹਰਕਤਾਂ ਤੋਂ ਬਾਜ ਆਉਣ, ਪੁਲਿਸ ਵੱਲੋਂ ਨਸ਼ਿਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਲਈ ਪਹਿਲਾਂ ਹੀ ਰਣਨੀਤੀ ਤਿਆਰ ਕੀਤੀ ਗਈ ਹੈ। ਏਰੀਏ ਵਿੱਚ ਕਿਸੇ ਵੀ ਤਰੀਕੇ ਨਾਲ ਅਜਿਹਾ ਧੰਦਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



# ਡਿਊਟੀ ਤੋਂ ਗ਼ੈਰ-ਹਾਜ਼ਰ ਰਹਿਣ ਵਾਲੇ ਪੰਜ ਵੈਟਰਨਰੀ ਅਫ਼ਸਰ ਨੌਕਰੀ ਤੋਂ ਬਰਖ਼ਾਸਤ

✚ ਪੰਜਾਬ ਦਾ ਖੁਲਾਸਾ



**ਜੈਤੋ ,21 ਨਵੰਬਰ (ਰਘੂਨੰਦਨ ਪਰਾਸ਼ਰ)**: ਪੰਜਾਬ ਦੇ ਪਸ਼ੂ ਪਾਲਣ ਵਿਭਾਗ ਨੇ ਡਿਊਟੀ ਤੋਂ ਲੰਬੇ ਸਮੇਂ ਤੱਕ ਗੈਰ-ਹਾਜ਼ਰ ਰਹਿਣ ਵਾਲਿਆਂ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕਦਿਆਂ ਅੱਜ ਪੰਜ ਵੈਟਰਨਰੀ ਅਫ਼ਸਰਾਂ ਦੀਆਂ ਸੇਵਾਵਾਂ ਨੂੰ ਤੁਰੰਤ ਪ੍ਰਭਾਵ ਨਾਲ ਖ਼ਤਮ ਕਰ ਦਿੱਤਾ ਹੈ।ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਸੂਬੇ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਤਾਇਨਾਤ ਪੰਜ ਵੈਟਰਨਰੀ ਅਫ਼ਸਰਾਂ ਡਾ. ਗੁਰਪ੍ਰੀਤ ਸਿੰਘ, ਡਾ. ਅਨੁਪ੍ਰੀਤ ਕੌਰ, ਡਾ. ਅਰਸ਼ਦੀਪ ਸਿੰਘ, ਡਾ. ਜਗਦੀਪ ਸਿੰਘ ਅਤੇ ਡਾ. ਹਰਮਨਪ੍ਰੀਤ ਸਿੰਘ ਬੱਲ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦੇ ਹੁਕਮ ਜਾਰੀ ਕੀਤੇ ਹਨ।ਸ੍ਰੀ ਭੰਡਾਰੀ ਨੇ ਦੱਸਿਆ ਕਿ ਇਹ ਵੈਟਰਨਰੀ ਅਫ਼ਸਰ ਪਿਛਲੇ ਤਿੰਨ ਤੋਂ ਪੰਜ ਸਾਲਾਂ ਤੋਂ ਡਿਊਟੀ ਤੋਂ ਗੈਰ-ਹਾਜ਼ਰ ਚੱਲ ਰਹੇ ਸਨ।ਸ. ਗੁਰਮੀਤ ਸਿੰਘ ਖੁੱਡੀਆਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਬਿਨਾਂ ਛੁੱਟੀ ਪ੍ਰਵਾਨ ਕਰਵਾਏ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਵਾਲੇ ਅਧਿਕਾਰੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਅਜਿਹੀ ਲਾਪਰਵਾਹੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਮਿਠੜਾ ਕਾਲਜ ਵਿਖੇ ਮੇਰਾ ਯੁਵਾ ਭਾਰਤ ਆਊਟਰੀਚ ਪ੍ਰੋਗਰਾਮ ਦਾ ਆਯੋਜਨ

✚ ਪੰਜਾਬ ਦਾ ਖੁਲਾਸਾ

**ਫੱਤੂ ਢੀਂਗਾ 21ਨਵੰਬਰ. ਅਮਨਦੀਪ ਕੌਰ-** ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿਠੜਾ ਵਿਖੇ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਦੀ ਰਹਿਨੁਮਾਈ ਅਧੀਨ ਐਨਐਸਐਸ ਵਿਭਾਗ ਵੱਲੋਂ 'ਮੇਰਾ ਯੁਵਾ ਭਾਰਤ ਆਊਟਰੀਚ ਪ੍ਰੋਗਰਾਮ' ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਐਨਐਸਐਸ ਦੇ ਕੋਆਰਡੀਨੇਟਰ ਡਾਕਟਰ ਪਰਮਜੀਤ ਕੌਰ ਮੁਖੀ ਸਾਇੰਸ ਵਿਭਾਗ ਦੁਆਰਾ ਇੱਕ ਪੀਪੀਟੀ ਰਾਹੀਂ ਵਿਦਿਆਰਥੀਆਂ ਨੂੰ ਮੇਰਾ ਯੁਵਾ ਭਾਰਤ ਦੇ ਪਲੇਟਫਾਰਮ ਬਾਰੇ ਦੱਸਿਆ ਗਿਆ। ਉਹਨਾਂ ਦੱਸਿਆ ਕਿ ਮੇਰਾ ਯੁਵਾ ਭਾਰਤ ਇੱਕ ਆਨਲਾਈਨ ਯੁਵਕਾਂ ਦੀ ਅਵਗਵਾਈ ਅਤੇ ਸਮਾਜਿਕ ਸਹਿਭਾਗੀਦਾਰੀ ਦਾ ਪਲੇਟਫਾਰਮ ਹੈ। ਜਿਸ ਦਾ ਉਦੇਸ਼ ਭਾਰਤੀ ਨੌਜਵਾਨਾਂ ਨੂੰ ਸਵੈ-ਵਿਸ਼ਵਾਸੀ ਅਤੇ ਗਤੀਸ਼ੀਲ ਨਾਗਰਿਕ ਬਣਾ ਕੇ ਸਸ਼ਕਤ ਕਰਨਾ ਹੈ। ਇਹ ਪ੍ਰੋਗਰਾਮ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੇ 2047 ਤੱਕ ਵਿਕਸਿਤ ਭਾਰਤ ਦੇ ਨਾਲ ਮੇਲ ਖਾਂਦਾ ਹੈ ਤਾਂ ਕਿ ਨੌਜਵਾਨ ਆਪਣੀਆਂ ਯੋਗਤਾਵਾਂ ਨੂੰ ਸਕਾਰ ਕਰ ਸਕਣ ਅਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਦੇ ਸਕਣ। ਇਹ ਪਲੇਟਫਾਰਮ ਭਾਰਤੀ ਨੌਜਵਾਨਾਂ ਅਤੇ ਭਾਰਤ ਸਰਕਾਰ ਦੇ ਵਿੱਚ ਇੱਕ ਮਹੱਤਵਪੂਰਨ ਕੜੀ ਦੇ ਰੂਪ ਵਿੱਚ ਕਾਰਜ ਕਰਦਾ ਹੈ। ਇਸ ਪਲੇਟਫਾਰਮ ਨਾਲ ਜੁੜ ਕੇ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕਿਆਂ ਬਾਰੇ ਜਾਣਕਾਰੀ ਮਿਲਦੀ ਹੈ। ਉਹਨਾਂ ਦੁਆਰਾ ਉਚੇਚੇ ਤੌਰ ਤੇ ਵਿਦਿਆਰਥੀਆਂ ਨੂੰ ਇਸ ਪਲੇਟਫਾਰਮ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਐਨਐਸਐਸ ਦੇ ਚੁਣੇ ਗਏ ਬੈਸਟ ਵਲੰਟੀਅਰ ਪਰਮਜੋਤ ਕੌਰ ਦੁਆਰਾ ਵਿਦਿਆਰਥੀਆਂ ਨੂੰ ਮੇਰਾ ਯੁਵਾ ਭਾਰਤ ਬਾਰੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਅਤੇ ਐਨਐਸਐਸ ਦੇ ਕੋਆਰਡੀਨੇਟਰ ਡਾਕਟਰ ਪਰਮਜੀਤ ਕੌਰ ਮੁਖੀ ਸਾਇੰਸ ਵਿਭਾਗ ਵੱਲੋਂ ਬੈਸਟ ਵਲੰਟੀਅਰ ਪਰਮਜੋਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਮੂਹ ਸਟਾਫ ਮੈਂਬਰਸ ਅਤੇ ਕਾਲਜ ਦੇ ਐਨਐਸਐਸ ਵਲੰਟੀਅਰ ਹਾਜ਼ਰ ਸਨ।




# ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਦੂਜਾ ਗੇੜ

## ਕਾਹਨਪੁਰ ਖੂਹੀ ਤੋ ਗੜ੍ਹਸ਼ੰਕਰ ਵੱਲ 110 ਫੁੱਟ ਚੌੜੇ ਮਾਰਗ ਦੀ ਕਾਰ ਸੇਵਾ ਬਾਬਾ ਸਤਨਾਮ ਸਿੰਘ ਨੇ ਅੱਜ ਤੋਂ ਸੇਵਾ ਕਰਵਾਈ ਸ਼ੁਰੂ

✚ ਪੰਜਾਬ ਦਾ ਖੁਲਾਸਾ

**ਨੂਰਪੁਰ ਬੇਦੀ 21 ਨਵੰਬਰ (ਦਲਜੀਤ ਚਨੌਲੀ)**- ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਮਾਰਗ ਨੂੰ ਨੈਸ਼ਨਲ ਹਾਈਵੇ ਦੀ ਤਰਜ ਤੇ ਸਰਕਾਰ ਦੀ ਬਜਾਏ ਚੋੜਾ ਕਰਨ ਦੀ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਕੀਤੀ ਜਾ ਰਹੀ ਹੈ।

ਜਿਸ ਦੇ ਤਹਿਤ ਅੱਜ ਕਾਹਨ ਪਰ ਖੂਹੀ ਭਜਨ ਢਾਬਾ ਲਾਗੇ ਤੋਂ ਗੜ੍ਹ ਸ਼ੰਕਰ ਮਾਰਗ ਵੱਲ ਨੂੰ ਦੂਜੇ ਗੇੜ ਵਿੱਚ 110 ਫੁੱਟ ਚੌੜੇ ਮਾਰਗ ਦੇ ਨਿਰਮਾਣ ਦੀ ਕਾਰ ਸੇਵਾ ਸੰਤ ਬਾਬਾ ਸਤਨਾਮ ਸਿੰਘ ਜੀ,ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਸ਼ੁਰੂ ਕਰਵਾ ਦਿੱਤੀ ਗਈ। ਜਿਸ ਦੀ ਤਹਿਤ ਅੱਜ ਭਾਰੀ ਮਸ਼ੀਨਰੀ ਤੇ ਸੈਂਕੜੇ ਟਨ ਬੈਡ ਮਿਕਸ ਪਾਉਣ ਦਾ ਕੰਮ ਸ਼ੁਰੂ ਕਰਕੇ ਸੜਕ ਜੀ ਚੌੜਾਈ ਨੂੰ 30 ਫੁੱਟ ਤੋਂ ਵਧਾ ਕੇ ਨੈਸ਼ਨਲ ਹਾਈਵੇ ਦੀ ਤਰਜ ਤੇ 110 ਫੁੱਟ ਚੌੜਾ ਕੀਤਾ ਜਾ ਰਿਹਾ ਹੈ। ਕਿਲ੍ਹਾ ਆਨੰਦਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਮਹਾਨ ਸੇਵਾ ਦੇ ਦੂਜੇ ਗੇੜ ਦੀ ਸ਼ੁਰੂਆਤ ਦੌਰਾਨ ਅੱਜ ਪੰਜਾਬ ਮੋਰਚਾ ਦੀ ਸਾਰੀ ਟੀਮ ਕਨਵੀਨਰ ਗੌਰਵ ਰਾਣਾ ਦੀ ਅਗਵਾਈ ਵਿੱਚ ਮੌਕੇ ਤੇ ਪਹੁੰਚੀ। ਜਿੱਥੇ ਉਨਾਂ ਨੇ ਕਿ ਆਨੰਦਗੜ੍ਹ ਸਾਹਿਬ ਸੰਤ ਬਾਬਾ ਸਤਨਾਮ ਸਿੰਘ ਜੀ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਇਸ ਵੱਡੇ ਉਪਰਾਲੇ ਨੂੰ ਮਾਨਵਤਾ ਦੇ ਭਲੇ ਦੀ ਅਦੁੱਤੀ ਮਿਸਾਲ ਦੱਸਿਆ। ਉਨ੍ਹਾਂ ਨੇ ਕਿਹਾ ਕਿ ਸਾਡੇ ਇਲਾਕੇ ਦੇ ਲੋਕਾਂ ਨੂੰ ਵੱਧ ਚੜ ਕੇ ਇਸ ਇਤਿਹਾਸਿਕ ਕਾਰ ਸੇਵਾ ਦੇ ਕਾਰਜ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ। ਇਸ ਸੇਵਾ ਦੇ ਵਿੱਚ ਸਾਡੇ ਇਲਾਕੇ ਨੂੰ ਪਿੱਛੇ ਨਹੀਂ ਰਹਿਣਾ ਚਾਹੀਦਾ। ਰਾਣਾ ਤੇ ਬਜਾੜ ਨੇ ਕਿਹਾ ਕਿ ਜੋ ਕੰਮ ਸਰਕਾਰਾਂ ਦੇ ਬਣਦੇ ਹਨ ਉਹ ਕਾਰ ਸੇਵਾ ਤਹਿਤ ਹੋ ਰਹੇ ਇਸ ਲਈ ਸਰਕਾਰਾਂ ਨੂੰ ਕਿਲਾ ਨੰਦਗੜ੍ਹ ਸਾਹਿਬ ਦੀ ਇਸ ਮਹਾਨ ਕਾਰ ਸੇਵਾ ਤੋਂ ਸੇਧ ਲੈ ਕੇ ਜਲਦ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਥੇ ਗੱਲਬਾਤ ਕਰਦਿਆ ਬਾਬਾ ਸਤਨਾਮ ਸਿੰਘ ਜੀ ਨੂੰ ਕਿਹਾ ਇਹ ਸਾਰਾ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਿਹਾ ਹੈ। ਤੇ ਹੋਲਾ ਮਹੱਲਾ ਤੋਂ ਪਹਿਲਾਂ ਇਸ ਕਾਰਜ ਦਾ ਵੱਡਾ ਹਿੱਸਾ ਮੁਕੰਮਲ ਕਰਕੇ ਸੰਗਤਾਂ ਨੂੰ ਰਾਹਤ ਪਹੁੰਚਾਈ ਜਾਵੇਗੀ ?। ਉਹਨਾਂ ਨੇ ਦੱਸਿਆ ਕਿ ਪੋਜੇਵਾਲ ਤੋਂ ਕਾਹਨਪੁਰ ਸਾਈਡ ਨੂੰ ਡੇਢ ਕਿਲੋਮੀਟਰ ਰੋਡ ਬਿਲਕੁਲ ਤਿਆਰ ਹੋ ਚੁੱਕੀ ਹੈ ਜਦਕਿ ਸੰਗਤਾਂ ਦੀ ਦਿੱਕਤ ਨੂੰ ਦੇਖਦੇ ਆ ਅੱਜ ਕਾਹਨਪੁਰ ਖੂਹੀ ਸਾਈਡ ਤੋਂ ਖੋਜੇਵਾਲ ਸਾਈਡ ਵੱਲ ਨੂੰ ਵੀ ਸੜਕ ਬਣਾਉਣ ਲਈ ਬੈਡ ਮਿਕਸ ਤਿਆਰ ਕਰਨੇ ਸ਼ੁਰੂ ਹੋ ਗਏ ਹਨ। ਇਸ ਮੌਕੇ ਉੱਥੇ ਡਾਂ ਦਵਿੰਦਰ ਬਜਾੜ, ਸੇਵਾਦਾਰ ਹਰਪਾਲ ਪਾਲੀ,ਯਾਦਵਿੰਦਰ ਸਿੰਘ ਹਰਪ੍ਰੀਤ ਸਿੰਘ, ਨੀਰਜ ਰਾਣਾ, ਤੇ ਸਮੂਹ ਸੇਵਾਦਾਰ ਮੌਜੂਦ ਸਨ।



# ਫਗਵਾੜਾ ਦੇ ਬੰਗਾ ਰੋਡ ਮਾਰਕੀਟ ਸਾਹਮਣੇ ਵਿੱਚ ਲੱਗਣ ਜਾ ਰਿਹਾ ਆਈ ਲਵ ਫਗਵਾੜਾ ਦਾ ਬੁੱਤ

✚ ਪੰਜਾਬ ਦਾ ਖੁਲਾਸਾ

**ਫਗਵਾੜਾ 21 ਨਵੰਬਰ (ਪ੍ਰੀਤ ਕੌਰ ਪ੍ਰੀਤੀ)**: ਸ਼ਹਿਰ ਦੇ ਬਾਜ਼ਾਰਾਂ ਦੀ ਦਿੱਖ ਸੁਧਾਰਨ ਲਈ ਕਲਾਥ ਮਰਚੈਂਟ ਐਸੋਸੀਏਸ਼ਨ ਵੱਲੋਂ ਬੀਤੇ ਕਾਫੀ ਲੰਬੇ ਸਮੇਂ ਤੋਂ ਯਤਨ ਕੀਤੇ ਜਾ ਰਹੇ ਸਨ। ਉਨ੍ਹਾਂ ਯਤਨਾਂ ਨੂੰ ਬੂਰ ਪੈਂਦਾ ਦਿਖਾਈ ਦਿੱਤਾ। ਜਦੋਂ ਕਲਾਥ ਮਰਚੈਂਟ ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ ਦੇ ਯਤਨਾਂ ਸਦਕਾ ਬਾਜ਼ਾਰਾਂ ਦੀ ਦਿੱਖ ਨੂੰ ਸੁਧਾਰਨ ਲਈ ਬਣਾਏ ਗਏ ਪ੍ਰਾਜੈਕਟ ਦਾ ਉਦਘਾਟਨ ਕਰਨ ਲਈ ਆਮ ਆਦਮੀ ਪਾਰਟੀ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਉਚੇਚੇ ਤੌਰ 'ਤੇ ਬੰਗਾ ਰੋਡ ਪੁੱਜੇ ਤੇ ਰੀਬਨ ਕੱਟ ਕੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਕਲਾਥ ਮਰਚੈਂਟ ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ ਅਸ਼ੋਕ ਕੁਲਥਮ ਨੇ ਕਿਹਾ ਕਿ ਫਗਵਾੜਾ ਬੰਗਾ ਰੋਡ ਮਾਰਕੀਟ ਇਕ ਅਜਿਹੀ ਮਾਰਕੀਟ ਹੈ ਜਿੱਥੇ ਕਿ ਹਰ ਸਾਲ ਹਜ਼ਾਰਾਂ ਪਰਵਾਸੀ ਵੀਰ ਗਾਹਕ ਆਪਣਾ ਸਾਮਾਨ ਖ਼ਰੀਦਣ ਪੁੱਜਦੇ ਹਨ ਪਰ ਸ਼ਹਿਰ ਦੇ ਹਾਲਾਤ ਜ਼ਿਆਦਾ ਚੰਗੇ ਬਣੇ ਹੋਏ ਨਹੀਂ ਹਨ, ਜਿਸ ਲਈ ਉਨ੍ਹਾਂ ਦੀ ਐਸੋਸੀਏਸ਼ਨ ਕਲਾਥ ਮਰਚੈਂਟ ਐਸੋਸੀਏਸ਼ਨ ਫਗਵਾੜਾ ਵੱਲੋਂ ਮੈਂਬਰ ਪਾਰਲੀਆਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, 'ਆਪ' ਦੇ ਹਲਕਾ ਮੁਖੀ ਜੋਗਿੰਦਰ ਸਿੰਘ ਮਾਨ ਨੂੰ ਜਾਣੂ ਕਰਵਾਇਆ ਕਿ ਜਿਵੇਂ ਜਲੰਧਰ ਤੇ ਲੁਧਿਆਣਾ 'ਚ ਮੁੱਖ ਬਾਜ਼ਾਰਾਂ ਨੂੰ ਸ਼ਿੰਗਾਰਿਆ ਗਿਆ ਹੈ।ਉਸੇ ਤਰਜ 'ਤੇ ਫਗਵਾੜਾ ਬੰਗਾ ਰੋਡ ਦੀ ਦਿੱਖ ਨੂੰ ਵੀ ਸੁਧਾਰਿਆ ਜਾਵੇ। ਇਸ ਦੌਰਾਨ ਜੋਗਿੰਦਰ ਸਿੰਘ ਮਾਨ ਵੱਲੋਂ ਬੰਗਾ ਰੋਡ ਮਾਰਕੀਟ ਵਿਖੇ ਪਹੁੰਚ ਕੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਤੇ ਕਿਹਾ ਕਿ ਮਾਰਕੀਟ ਨੂੰ ਸ਼ਿੰਗਾਰਨ ਲਈ ਜੋ ਵੀ ਪ੍ਰਾਜੈਕਟ ਕਲਾਥ ਮਰਚੈਂਟ ਐਸੋਸੀਏਸ਼ਨ ਫਗਵਾੜਾ ਦੇ ਮੈਂਬਰ ਬਣਾਉਣਗੇ, ਉਹ ਉਨ੍ਹਾਂ ਨੂੰ ਪੂਰਾ ਕਰਵਾਉਣ ਲਈ ਯਤਨਸ਼ੀਲ ਰਹਿਣਗੇ।ਇਸ ਦੌਰਾਨ ਪ੍ਰਧਾਨ ਅਸ਼ੋਕ ਕੁਲਥਮ ਨੇ ਦੱਸਿਆ ਕਿ ਜਿਵੇਂ ਜਲੰਧਰ ਲੁਧਿਆਣਾ 'ਚ ਆਈ ਲਵ ਜਲੰਧਰ ਦੇ ਬੁੱਤ ਲਗਾਏ ਗਏ ਹਨ। ਉਸੇ ਤਰਜ 'ਤੇ ਬੰਗਾ ਰੋਡ ਮਾਰਕੀਟ ਸਾਹਮਣੇ ਵੀ ਆਈ ਲਵ ਫਗਵਾੜਾ ਦਾ ਬੁੱਤ ਬਣਾਇਆ ਜਾਵੇਗਾ, ਜਿਸ ਨੂੰ ਕਿ ਸੈਲਫੀ ਹੱਬ ਵਜੋਂ ਪ੍ਰਮੁੱਖਤਾ ਨਾਲ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਨੇ ਜੋਗਿੰਦਰ ਸਿੰਘ ਮਾਨ, ਹਰਜੀ ਮਾਨ ਦਾ ਤਹਿਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੀ ਬਦੌਲਤ ਬੰਗਾ ਰੋਡ ਸੜਕ ਤੇ ਅਧੂਰੇ ਪਏ ਪੈਂਚਵਰਕ ਨੂੰ ਜਲਦ ਹੀ ਪੂਰਾ ਕਰਵਾਇਆ ਜਾ ਰਿਹਾ ਹੈ, ਤਾਂ ਜੋ ਬੰਗਾ ਰੋਡ ਤੋਂ ਗੋਲ ਚੌਕ ਤੱਕ ਦੀ ਸਾਰੀ ਸੜਕ ਨੂੰ ਠੀਕ ਕਰਵਾਇਆ ਜਾ ਸਕੇ।



# ਨੈਤਿਕ ਸਿੱਖਿਆ ਲਈ ਵਿਵੇਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਰਗਾੜੀ ਦੇ ਬੱਚਿਆਂ ਨੂੰ ਕੀਤਾ ਸਨਮਾਨਿਤ

✚ ਪੰਜਾਬ ਦਾ ਖੁਲਾਸਾ

**ਜੈਤੋ ,21 ਨਵੰਬਰ (ਰਘੂਨੰਦਨ ਪਰਾਸ਼ਰ)**: ਇਸ ਸਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵਿਦਿਆਰਥੀ ਵਰਗ ਵਿੱਚ ਨੈਤਿਕ ਕਦਰਾਂ ਕੀਮਤਾਂ ਦੀ ਪ੍ਰਫੁਲਤਾ ਲਈ ਨੈਤਿਕ ਸਿੱਖਿਆ ਇਮਤਿਹਾਨ ਦਾ ਆਯੋਜਨ ਕੀਤਾ ਗਿਆ ਸੀ ਇਹ ਇਮਤਿਹਾਨ ਤਿੰਨ ਵਰਗਾਂ ਦੇ ਵਿੱਚ ਹੋਇਆ ਸੀ ਜਿਸ ਦੀ ਤਿਆਰੀ ਸੰਪਾਦਕ ਡਾਕਟਰ ਅਵਨਿੰਦਰ ਪਾਲ ਸਿੰਘ ਦੀ ਕਿਤਾਬ ਮਾਰਗਿ ਮੋਤੀ, ਗੁਣਤਾਸ ਅਤੇ ਬਾਲ ਵਿਰਸਾ (ਵਿਰਸਾ ਪਬਲੀਕੇਸ਼ਨ) ਵਿੱਚੋਂ ਕਰਵਾਈ ਗਈ। ਜਿਸ ਵਿੱਚ ਵਿਵੇਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਰਗਾੜੀ ਦੇ ਤਿੰਨਾਂ ਵਰਗਾਂ ਦੇ 164 ਵਿਦਿਆਰਥੀਆਂ ਨੇ ਭਾਗ ਲਿਆ ਇਸ ਇਮਤਿਹਾਨ ਦੇ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਟੀਮ ਅਤੇ ਵਿਵੇਕ ਸਕੂਲ ਦੇ ਨੈਤਿਕ ਸਿੱਖਿਆ ਦੇ ਇਮਤਿਹਾਨ ਸੁਪਰੀਡੈਂਟ ਅਧਿਆਪਕ ਰਜਨਦੀਪ ਕੌਰ ਢਿੱਲੋ ਅਤੇ ਸਹਾਇਕ ਅਧਿਆਪਕ ਪਰਮਜੀਤ ਕੌਰ ਨੇ ਮੁੱਖ ਭੂਮਿਕਾ ਨਿਭਾਈ।ਵਿਵੇਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਰਗਾੜੀ ਦੇ ਦਰਜਾ ਦੂਜਾ ਅਤੇ ਤੀਜਾ ਦੇ ਇਮਤਿਹਾਨਾਂ ਵਿੱਚੋਂ ਅੱਵਲ ਆਉਣ ਵਾਲੇ ਬੱਚਿਆਂ ਨੂੰ ਬਾਜਾਖਾਨਾ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸਨਮਾਨਿਤ ਕੀਤਾ ਗਿਆ ਦਰਜਾ ਤੀਜਾ ਵਿੱਚੋਂ ਪ੍ਰਭਜੋਤ ਕੌਰ ਦਸਵੀਂ ਜਮਾਤ ਪਹਿਲਾ ਸਥਾਨ 2000 ਰੁਪਏ ਨਗਦ ਰਾਸ਼ੀ+ਸਨਮਾਨ ਚਿੰਨ, ਰਾਜਵੀਰ ਕੌਰ ਦਸਵੀਂ ਜਮਾਤ ਦੂਜਾ ਸਥਾਨ 1500 ਰੁਪਏ ਨਗਦ ਰਾਸ਼ੀ+ਸਨਮਾਨ ਚਿੰਨ ਹਾਸਿਲ ਕੀਤਾ ਨਵਜੋਤ ਕੌਰ ਚੌਹਾਨ ਦਸਵੀਂ ਜਮਾਤ,ਵੈਸ਼ਨਵੀ ਨੌਵੀਂ ਜਮਾਤ, ਨਵਜੋਤ ਕੌਰ ਦਸਵੀਂ ਜਮਾਤ ਨੇ ਮੈਰਿਟ ਵਿੱਚ ਆਪਣਾ ਸਥਾਨ ਬਣਾਇਆ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਦਰਜਾ ਦੂਜਾ ਵਿੱਚੋਂ ਮਹਿਕਦੀਪ ਕੌਰ ਅੱਠਵੀਂ ਜਮਾਤ ਦੂਜਾ ਸਥਾਨ 1500 ਰੁਪਏ ਨਗਦ ਰਾਸ਼ੀ+ਸਨਮਾਨ ਚਿੰਨ, ਤਰਨਜੋਤ ਕੌਰ ਅਤੇ ਸੰਧਿਆ ਰਾਣੀ ਅੱਠਵੀਂ ਜਮਾਤ, ਅਵਨੀਤ ਕੌਰ, ਜਸਮੀਤ ਸਿੰਘ,ਕੁਲਦੀਪ ਸਿੰਘ ਸੱਤਵੀਂ ਜਮਾਤ ਨੇ ਮੈਰਿਟ ਵਿੱਚ ਆਪਣੀ ਜਗ੍ਹਾ ਬਣਾਉਂਦੇ ਹੋਏ ਸਨਮਾਨ ਚਿੰਨ ਹਾਸਿਲ ਕੀਤੇ। ਮਿਤੀ 20 ਨਵੰਬਰ 2024 ਨੂੰ ਬਾਜਾਖਾਨਾ ਵਿਖੇ ਕਰਵਾਏ ਗਏ ਅੰਤਰ ਸਕੂਲ ਯੁਵਕ ਮੇਲੇ ਦੇ ਵਿੱਚ ਵਿਵੇਕ ਸਕੂਲ ਦੇ 25 ਬੱਚਿਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਿਸ ਵਿੱਚੋਂ ਕਵਿਤਾ ਮੁਕਾਬਲੇ ਵਿੱਚ ਵੈਸ਼ਨਵੀ ਜਮਾਤ ਨੌਵੀਂ ਨੇ ਪਹਿਲਾ ਸਥਾਨ ਹਾਸਿਲ ਕੀਤਾ ਜਿਸ ਦੀ ਤਿਆਰੀ ਸਕੂਲ ਅਧਿਆਪਕ ਸਰਬਜੀਤ ਕੌਰ ਅਤੇ ਗੁਰਪ੍ਰੀਤ ਕੌਰ ਵੱਲੋਂ ਕਰਵਾਈ ਗਈ ਅਤੇ ਪ੍ਰਭਜੋਤ ਕੌਰ ਅਤੇ ਨਵਜੋਤ ਕੌਰ ਚੌਹਾਨ ਦਸਵੀਂ ਜਮਾਤ ਨੇ ਪ੍ਰਸ਼ਨੋਤਰੀ ਮੁਕਾਬਲੇ ਦੇ ਵਿੱਚ ਵੱਖ-ਵੱਖ ਸਕੂਲਾਂ ਦੀਆਂ ਛੇ ਟੀਮਾਂ ਨੂੰ ਪਛਾੜਦੇ ਹੋਏ ਪਹਿਲਾ ਸਥਾਨ ਹਾਸਿਲ ਕੀਤਾ। ਜਿਸ ਦੀ ਤਿਆਰੀ ਨੈਤਿਕ ਸਿੱਖਿਆ ਦੇ ਅਧਿਆਪਕ ਰਜਨਦੀਪ ਕੌਰ ਢਿੱਲੋਂ ਵੱਲੋਂ ਕਰਵਾਈ ਗਈ।ਉਹਨਾਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਸਕੂਲ ਦੇ ਚੇਅਰਮੈਨ ਸਰਦਾਰ ਹਰਜਿੰਦਰ ਸਿੰਘ ਧਾਲੀਵਾਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਸੋਨੀਆ ਸੇਠੀ ਜੀ ਨੇ ਵੀ ਬੱਚਿਆਂ ਦੀ ਸ਼ਲਾਘਾ ਕੀਤੀ ਅਤੇ ਅੱਗੇ ਤੋਂ ਸਾਰੇ ਬੱਚਿਆਂ ਨੂੰ ਇਸ ਤਰ੍ਹਾਂ ਦੇ ਇਮਤਿਹਾਨਾਂ ਦੇ ਵਿੱਚ ਭਾਗ ਲੈਕੇ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕੋਆਰਡੀਨੇਟਰ ਸ੍ਰੀਮਤੀ ਗਗਨਦੀਪ ਕੌਰ ਅਤੇ ਸ਼੍ਰੀਮਤੀ ਅਮਰਜੀਤ ਕੌਰ ਵੀ ਮੌਜੂਦ ਸਨ।



# ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਹਸਪਤਾਲਾਂ ਦੇ ਅੰਦਰੋਂ ਹੀ ਦਿੱਤੀਆਂ ਜਾਣ - ਸਿਵਲ ਸਰਜਨ

ਪੰਜਾਬ ਦਾ ਖੁਲਾਸਾ

**ਫਤਿਹਗੜ੍ਹ ਸਾਹਿਬ 21 ਨਵੰਬਰ ( ਜੇ ਐਸ ਖੰਨਾ** ) ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਸੂਬਾ ਪੱਧਰੀ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਜਿਲੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਹਦਾਇਤ ਕੀਤੀ ਕਿ ਸਿਹਤ ਕੇਂਦਰਾਂ ਵਿੱਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਹਸਪਤਾਲਾਂ ਦੇ ਅੰਦਰੋਂ ਹੀ ਉਪਲੱਬਧ ਕਰਵਾਈਆਂ ਜਾਣ । ਉਹਨਾਂ ਕਿਹਾ ਕਿ ਸਰਕਾਰ ਨਾਲ ਹੋਈ ਵਰਚੁਅਲ ਮੀਟਿੰਗ ਦੌਰਾਨ ਉਚ ਅਧਿਕਾਰੀਆਂ ਵੱਲੋਂ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਕਿਸੇ ਵੀ ਮਰੀਜ਼ ਨੂੰ ਦਵਾਈ ਬਾਹਰੋਂ ਨਾ ਲਿਖੀ ਜਾਵੇ ਅਤੇ ਉਸਨੂੰ ਸਾਰੀਆਂ ਲੋੜੀਂਦੀਆਂ ਦਵਾਈਆਂ ਹਸਪਤਾਲ ਦੇ ਵਿੱਚੋਂ ਹੀ ਮੁੱਫਤ ਉਪਲੱਬਧ ਕਰਵਾਈਆਂ ਜਾਣ। ਉਹਨਾਂ ਕਿਹਾ ਕਿ ਲੋੜਵੰਦ ਮਰੀਜ਼ਾਂ ਦੇ ਲੋੜੀਦੇ ਸਾਰੇ ਲਬਾਰਟਰੀ ਟੈਸਟ ਵੀ ਹਸਪਤਾਲਾਂ ਦੇ ਅੰਦਰੋਂ ਹੀ ਕਰਵਾਏ ਜਾਣ।ਸਿਵਲ ਸਰਜਨ ਨੇ ਇਹ ਵੀ ਕਿਹਾ ਕਿ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ਼ ਚੰਗਾ ਵਿਵਹਾਰ ਕੀਤਾ ਜਾਵੇ ਅਤੇ ਉਹਨਾਂ ਦਾ ਇਲਾਜ ਇਮਾਨਦਾਰੀ, ਤਨਦੇਹੀ ਨਾਲ ਕੀਤਾ ਜਾਵੇ। ਉਹਨਾਂ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਆਪੋ ਆਪਣੀ ਸਿਹਤ ਸੰਸਥਾ ਦੀਆਂ ਈ.ਡੀ.ਐਲ ਅਤੇ ਨਾਨ ਈ.ਡੀ.ਐਲ ਦਵਾਈਆਂ ਦੀਆਂ ਲਿਸਟਾਂ ਤੁਰੰਤ ਭੇਜਣ ਲਈ ਵੀ ਕਿਹਾ।ਉਹਨਾਂ ਕਿਹਾ ਕਿ ਸੰਸਥਾ ਵਿੱਚ ਦਵਾਈ ਖਤਮ ਹੋਣ ਤੋਂ ਪਹਿਲਾਂ ਹੀ ਉਹ ਵੇਅਰ ਹਾਊਸ ਅਤੇ ਜ਼ਿਲਾ ਪੱਧਰ ਤੇ ਤਾਲਮੇਲ ਕਰਕੇ ਇਸ ਦਾ ਅਗਾਊਂ ਵਿੱਚ ਪ੍ਰਬੰਧ ਕਰਨਾ ਯਕੀਨੀ ਬਣਾਉਣ। ਉਹਨਾਂ ਕਿਹਾ ਕਿ ਸੂਬਾ ਅਤੇ ਜ਼ਿਲਾ ਪੱਧਰ ਤੇ ਸਟੋਰਾਂ ਵਿੱਚ ਦਵਾਈਆਂ ਦੀ ਕੋਈ ਘਾਟ ਨਹੀਂ ਹੈ ਇਸ ਕਰਕੇ ਹੇਠਲੇ ਪੱਧਰ ਤੇ ਵੀ ਉਚਿਤ ਮਾਤਰਾ ਵਿੱਚ ਦਵਾਈਆਂ ਦਾ ਸਟਾਕ ਰੱਖਣਾ ਯਕੀਨੀ ਬਣਾਇਆ ਜਾਵੇ ।ਉਹਨਾਂ ਸਮੂਹ ਐਸਐਮਓ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਮ ਆਦਮੀ ਕਲੀਨਿਕਾਂ ਸਮੇਤ ਸਾਰੇ ਸਿਹਤ ਕੇਂਦਰਾਂ ਵਿੱਚ ਆਈਪੀਐਚਐਸ ਦੇ ਮਾਪਦੰਡ ਅਨੁਸਾਰ ਸਾਰੀਆਂ ਸਿਹਤ ਸੇਵਾਵਾਂ ਉਪਲਬਧ ਕਰਵਾਉਣੀਆਂ ਯਕੀਨੀ ਬਣਾਉਣ। ਉਹਨਾਂ ਸਮੂਹ ਸਿਹਤ ਸੰਸਥਾਵਾਂ ਦੀਆਂ ਮਹੀਨਾਵਾਰੀ ਰਿਪੋਰਟਾਂ ਤੁਰੰਤ ਜਿਲਾ ਪੱਧਰ ਤੇ ਭੇਜਣ ਦੀ ਹਦਾਇਤ ਵੀ ਕੀਤੀ। ਇਸ ਮੌਕੇ ਤੇ ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਸਰਿਤਾ ,ਸੀਨੀਅਰ ਮੈਡੀਕਲ ਅਫਸਰ ਡਾਕਟਰ ਕੇਡੀ ਸਿੰਘ, ਫਾਰਮੇਸੀ ਅਫਸਰ ਸੰਦੀਪ ਸਿੰਘ,ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗਗਨ ਥੰਮਨ ਆਦਿ ਹਾਜਰ ਸਨ।



# ਫਤਿਹ ਕਾਲਜ ਵਿਖੇ ਸਭਿਆਚਾਰਕ ਅਤੇ ਵਿਰਾਸਤੀ ਹੁਨਰਾਂ ਦਾ ਸਮਾਰੋਹ ਸੱਤਰੰਗ ਆਯੋਜਤ- ਖੇਡਾਂ ਤੇ ਯੂਥ ਫੈਸਟੀਵਲ ਵਿੱਚੋਂ ਪੁਜੀਸ਼ਨਾਂ ਪ੍ਰਾਪਤ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

**ਖੇਡਾਂ ਤੇ ਯੁਵਕ ਮੇਲਿਆਂ ਵਿੱਚ ਗੋਲਡ, ਸਿਲਵਰ ਮੈਡਲ ਜਿੱਤਣਾ ਅਹਿਮ ਪ੍ਰਾਪਤੀਆਂ-ਚੇਅਰਮੈਨ ਐਸ ਐਸ ਚੱਠਾ**

ਪੰਜਾਬ ਦਾ ਖੁਲਾਸਾ

**ਰਾਮਪੁਰਾ ਫੂਲ, 21 ਨਵੰਬਰ (ਜਸਵੰਤ ਦਰਦ ਪ੍ਰੀਤ** )- ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਤ ਯੂਥ ਫੈਸਟੀਬਲ ਦੇ ਵੱਖ ਵੱਖ ਪੱਧਰ ਅਤੇ ਵੱਖ ਵੱਖ ਖੇਡ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਲਈ ਵਿਸ਼ੇਸ਼ ਸਨਮਾਨਿਤ ਸਤਰੰਗ ਪ੍ਰੋਗਰਾਮ ਦੌਰਾਨ ਕੀਤਾ ਗਿਆ । ਜਿਸ ਵਿੱਚ ਪੰਜਾਬੀ ਸਿਨੇਮਾਂ ਦੀ ਪ੍ਰਸਿੱਧ ਹਸਤੀ ਪ੍ਰਿੰਸ ਕੰਵਲਜੀਤ ਵਿਦਿਆਰਥੀਆਂ ਦੇ ਰੂਬਰੂ ਹੋਏ ਤੇ ਸਮਾਰੋਹ ਦੀ ਪ੍ਰਧਾਨਗੀ ਚੇਅਰਮੈਨ ਐਸ ਐਸ ਚੱਠਾ ਨੇ ਕੀਤੀ। ਫਿਲਮ ਸਟਾਰ ਪ੍ਰਿਸ ਕੰਵਲਜੀਤ ਨੇ ਸੰਸਥਾ ਦੇ ਬਾਖੂਬੀ ਪ੍ਰਬੰਧਾਂ, ਅਨੁਸ਼ਾਸਨ ਦੀ ਸਲਾਘਾ ਕਰਦਿਆਂ ਆਪਣੇ ਨਾਨਕੇ ਪਿੰਡ ਮਹਿਰਾਜ ਵਿਖੇ ਬਚਪਨ ਦੀਆਂ ਗੱਲਾਂ ਸਾਂਝੀਆਂ ਕਰਦਿਆਂ ਵਿਦਿਆਰਥੀਆਂ ਨੂੰ ਮਿਹਨਤ ਕਰਨ ਲਈ ਪ੍ਰੇਰਿਆ। ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਤੇ ਕੋਆਰਡੀਨੇਟਰ ਪ੍ਰੋ ਰਮਨਪ੍ਰੀਤ ਕੌਰ, ਖੇਡ ਵਿਭਾਗ ਮੁਖੀ ਕੁਲਦੀਪ ਸਿੰਘ ਨੇ ਦੱਸਿਆ ਕਿ ਯੂਥ ਫੈਸਟੀਵਲ ਤੇ ਵੱਖ ਵੱਖ ਖੇਡਾਂ ਦੌਰਾਨ ਜੇਤੂ ਵਿਦਿਆਰਥੀ ਕਲਾਕਾਰਾਂ ਤੇ ਖਿਡਾਰੀਆਂ ਦਾ ਇਸ ਦੌਰਾਨ ਮੈਡਲ ਪਾ ਕੇ ਸਨਮਾਨ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਐਸ ਐਸ ਚੱਠਾ ਨੇ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ । ਉਨ੍ਹਾਂ ਇਲਾਕੇ ਵਿੱਚ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਤੇ ਸਭਿਆਚਾਰਕ ਗਤੀਵਿਧੀਆਂ ਨੂੰ ਪ੍ਰਭੁਲਿਤ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦੀ ਗੱਲ ਆਖੀ ਤਾਂ ਜੋ ਨੌਜਵਾਨਾਂ ਨੂੰ ਹਾਂ ਪੱਖੀ ਗਤੀਵਿਧੀਆਂ ਵਿੱਚ ਭਾਗੀਦਾਰ ਬਣਾ ਕੇ ਨਸ਼ਿਆਂ ਤੇ ਹੋਰ ਬੁਰਾਈਆਂ ਦਾ ਟਾਕਰਾ ਕੀਤਾ ਜਾ ਸਕੇ। ਸਤੰਰਗ ਸਮਾਰੋਹ ਦੌਰਾਨ ਸੰਸਥਾ ਦੇ ਚੇਅਰਮੈਨ ਐਸ ਐਸ ਚੱਠਾ ਨੇ ਦਰਸ਼ਕਾਂ ਦੀ ਮੰਗ ਤੇ ਛੱਲਾ ਗੀਤ ਗਾ ਕੇ ਰੰਗ ਬੰਨ੍ਹਿਆ। ਕਾਲਜ ਵਿਦਿਆਰਥੀ ਸਲੀਮ ਖਾਨ ਤੇ ਕੋਚ ਪਰਮ ਸਿੱਧੂ ਨੇ ਵੀ ਦਰਸ਼ਕਾਂ ਦਾ ਮੰਨੋਰੰਜਨ ਕੀਤਾ। ਇਸ ਦੌਰਾਨ ਵਿਦਿਆਰਥੀਆਂ ਮਾਈਮ, ਸਕਿੱਟ, ਨਾਟਕ ਦੀਆਂ ਖੂਬਸੂਰਤ ਪੇਸ਼ਕਾਰੀਆਂ ਦਿੱਤੀਆਂ ਜਿੰਨਾਂ ਨੇ ਪੰਡਾਲ ਨੂੰ ਹਸਾਉਣ ਦੇ ਨਾਲ ਨਾਲ ਭਾਵੁਕ ਮਾਹੌਲ ਸਿਰਜਿਆਂ ਤੇ ਖੂਬ ਤਾੜ੍ਹੀਆਂ ਬਟੋਰੀਆਂ।

। ਐਮਡੀ ਮਨਜੀਤ ਕੌਰ ਚੱਠਾ, ਪ੍ਰਿੰਸੀਪਲ ਡਾ ਜਗਵਿੰਦਰ ਸਿੰਘ, ਰਜਿਸਟਰਾਰ ਡਾ ਰਜਿੰਦਰ ਕੁਮਾਰ ਤ੍ਰਿਪਾਠੀ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ, ਸ਼ੋਸ਼ਲ ਸਾਇੰਸ ਤੇ ਆਰਟਸ ਵਿਭਾਗ ਮੁਖੀ ਪ੍ਰੋ ਕੁਮਾਰੀ ਸ਼ੈਲਜਾ, ਕੋ-ਕੋਆਰਡੀਨੇਟਰ ਸੰਦੀਪ ਕੌਰ, ਕ੍ਰਿਸ਼ਨ ਸਿੰਘ, ਹਰਜੀਤ ਕੌਰ, ਸਾਇੰਸ ਵਿਭਾਗ ਮੁਖੀ ਕਰਮਜੀਤ ਕੌਰ, ਕਾਮਰਸ ਵਿਭਾਗ ਮੁਖੀ ਅਨੀਤਾ ਗਰਗ, ਆਰਟਸ ਵਿਭਾਗ ਮੁਖੀ ਰੋਬਿਨ ਮੰਗਲਾ, ਸਾਇਕਾਲੋਜੀ ਵਿਭਾਗ ਮੁਖੀ ਮਨਦੀਪ ਕੌਰ, ਰਾਜਨੀਤੀ ਸ਼ਾਸ਼ਤਰ ਵਿਭਾਗ ਮੁਖੀ ਜਸਪ੍ਰੀਤ ਕੌਰ, ਐਜੂਕੇਸ਼ਨ ਵਿਭਾਗ ਦੇ ਡਾ ਗੁਰਵਿੰਦਰ ਸਿੰਘ, ਪੂਜਾ ਰਾਣੀ, ਜੋਨੀ ਰਾਣੀ, ਸੁਖਜੀਤ ਕੌਰ, ਪੰਜਾਬੀ ਵਿਭਾਗ ਦੇ ਸੁਖਬੀਰ ਸਿੰਘ, ਰਣਜੀਤ ਸਿੰਘ, ਬੀਬੀਏ ਵਿਭਾਗ ਦੇ ਪ੍ਰੋ ਦੀਪਤੀ, ਅੰਗਰੇਜੀ ਵਿਭਾਗ ਦੇ ਪ੍ਰੋ ਅਨੀਕਾ, ਹਰਪ੍ਰੀਤ ਕੌਰ, ਸਾਇੰਸ ਵਿਭਾਗ ਮੁਖੀ ਚਰਨਜੀਤ ਕੌਰ, ਪ੍ਰੋ ਸੋਨੀਆ, ਪ੍ਰੋ ਸੁਨੀਤਾ , ਫੈਸ਼ਨ ਟੈਕਨਾਲੋਜੀ ਵਿਭਾਗ ਦੇ ਪ੍ਰੋ ਸੁਖਪ੍ਰੀਤ ਕੌਰ, ਪ੍ਰੋ ਗਗਨਦੀਪ ਕੌਰ ਗੁੰਮਟੀ ਕਲ੍ਹਾਂ, ਖੇਡ ਵਿਭਾਗ ਮੁਖੀ ਕੁਲਦੀਪ ਸਿੰਘ, ਵਰਿੰਦਰ ਕੌਰ ਸਮੇਤ ਸਮੂਹ ਸਟਾਫ ਨੇ ਯੂਥ ਫੈਸਟੀਬਲ ਵਿੱਚ ਪੁਜੀਸ਼ਨਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਕੋਚ ਪਰਮ ਸਿੱਧੂ, ਗਿੰਨੀ ਖਾਨ, ਸੌਰਵ, ਅਕਸ ਮਹਿਰਾਜ, ਸੋਨੀ ਢਿੱਲੋਂ , ਗਗਨ ਬਠਿੰਡਾ ਨੂੰ ਮੁਬਾਰਕਬਾਦ ਦਿੱਤੀ।



# ਸਤਨਾਮਪੁਰਾ ਪੁਲਿਸ ਨੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆ ਦੇ ਕੱਟੇ ਚਲਾਨ

**ਸਤਨਾਮਪੁਰਾ ਪੁਲਿਸ ਨੇ ਟ੍ਰੈਫਿਕ ਨਿਯਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਵਾਉਣ ਲਈ ਸਪੈਸ਼ਲ ਨਾਕਾਬੰਦੀ ਕੀਤੀ**

ਪੰਜਾਬ ਦਾ ਖੁਲਾਸਾ

**ਫਗਵਾੜਾ 21 ਨਵੰਬਰ (ਪ੍ਰੀਤ ਕੌਰ ਪ੍ਰੀਤੀ**) ਐਸ ਐਸ ਪੀ ਕਪੂਰਥਲਾ ਦੀਆ ਹਿਦਾਇਤ ਤੇ ਐਸ ਪੀ ਫਗਵਾੜਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ ਐਸ ਪੀ ਫਗਵਾੜਾ ਦੀ ਯੋਗ ਅਗਵਾਈ ਹੇਠ ਥਾਣਾ ਸਤਨਾਮਪੁਰਾ ਦੇ ਮੁੱਖ ਥਾਣਾ ਅਫਸਰ ਗੌਰਵ ਧੀਰ ਦੀ ਸੁਚੱਜੀ ਦੇਖਰੇਖ ਹੇਠ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆ ਖਿਲਾਫ ਇਲਾਕਾ ਸਤਨਾਮਪੁਰਾ ਵਿਖੇ ਸਪੈਸ਼ਲ ਨਾਕਾਬੰਦੀ ਕਰ ਆਉਣ ਜਾਣ ਵਾਲੇ ਵਹੀਕਲਾ ਦੀ ਚੈਕਿੰਗ ਕੀਤੀ ਗਈ ਇਸ ਮੌਕੇ ਏ ਐਸ ਆਈ ਜਸਵਿੰਦਰ ਸਿੰਘ, ਏ ਐਸ ਆਈ ਨਰਿੰਦਰ ਸਿੰਘ , ਮੁੱਖ ਥਾਣਾ ਮੁਨਸ਼ੀ ਦਿਲਪ੍ਰੀਤ ਸਿੰਘ , ਸਹਾਇਕ ਥਾਣਾ ਮੁਨਸੀ ਹੋਲਦਾਰ ਮੰਗਲਵੀਰ ਸਿੰਘ , ਸੀਨੀਅਰ ਕਾਂਸਟੇਬਲ ਗੁਰਪ੍ਰੀਤ ਕੌਰ , ਸਿਮਰਨਜੀਤ ਕੌਰ ਵਲੋਂ ਵਿਸ਼ੇਸ਼ ਨਾਕਾ ਲਾ ਕੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ ਇਸ ਮੌਕੇ ਜਸਵਿੰਦਰ ਸਿੰਘ ਏ ਐਸ ਆਈ ਨੇ ਕਿਹਾ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਥਾਣਾ ਸਤਨਾਮਪੁਰਾ ਅਧੀਨ ਆਉਂਦੇ ਇਲਾਕਿਆ ਦੀਆ ਵੱਖ ਵੱਖ ਥਾਵਾਂ ਤੇ ਨਾਕੇ ਲਗਾ ਕੇ ਪੁਲਿਸ ਪਾਰਟੀ ਵੱਲੋਂ ਵਹੀਕਲਾਂ ਦੀ ਚੈਕਿੰਗ ਕੀਤੀ ਜਾਂਦੀ ਰਹੇਗੀ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਲਾਕਾ ਸਤਨਾਮਪੁਰਾ ਵਿਖੇ ਇਸ ਨਾਕੇ ਦੌਰਾਨ ਕਈ ਲੋਕਾਂ ਦੇ ਵਹੀਕਲਾ ਦੀ ਚੈਕਿੰਗ ਕੀਤੀ ਗਈ ਅਤੇ ਉਨ੍ਹਾਂ ਵਿਚੋਂ ਕਾਗਜ਼ ਪੂਰੇ ਨਾ ਹੋਣ ਕਾਰਨ ਉਨ੍ਹਾਂ ਦੇ ਮੌਕੇ ਤੇ ਚਲਾਨ ਕੱਟੇ ਗਏ ਅਤੇ ਕੁਝ ਇੱਕ ਲੋਕਾ ਨੂੰ ਵਾਰਨਿੰਗ ਦੇ ਕੇ ਛੱਡਿਆ ਗਿਆ।





# ਸੰਤ ਮਿਤ ਸਿੰਘ ਜੀ ਤੇ ਸੰਤ ਜੋਰਾ ਸਿੰਘ ਜੀ ਦੀ ਬਰਸੀ ਨੂੰ ਮੁੱਖ ਰੱਖਦਿਆ 8ਵੀਂ ਲੜੀ ਦੇ ਆਖੰਡ ਪਾਠ ਸਾਹਿਬ ਪ੍ਰਕਾਸ਼ ਹੋਏ

ਪੰਜਾਬ ਦਾ ਖੁਲਾਸਾ

**ਬੱਧਨੀ ਕਲਾਂ ,21 ਨਵੰਬਰ ( ਪ ਪ**)-- ਅੱਜ ਬੱਧਨੀ ਕਲਾਂ ਨੇੜਲੇ ਪਿੰਡ ਲੋਪੋ ਵਿਖੇ ਸੰਤ ਮਿਤ ਸਿੰਘ ਜੀ ਦੀ 74ਵੀਂ ਤੇ ਸੰਤ ਜੋਰਾ ਸਿੰਘ ਜੀ ਦੀ 19ਵੀਂ ਸਲਾਨਾ ਬਰਸੀ ਨੂੰ ਮੁੱਖ ਰੱਖਦਿਆ ਅੱਠਵੀ ਲੜੀ ਦੇ ਆਖੰਡ ਪਾਠ ਸਾਹਿਬ ਪ੍ਰਕਾਸ਼ ਹੋਏ। ਇਸ ਸਮੇਂ ਭਗੀਰਥ ਸਿੰਘ ਲੋਪੋ,ਮਿਸਤਰੀ ਬਸੰਤ ਸਿੰਘ ਲੋਪੋ, ਗਿਆਨੀ ਰਜਿੰਦਰ ਸਿੰਘ ਅਮਰਜੀਤ ਸਿੰਘ ਗਿੱਲ ਕਨੇਡਾ ਗੁਰਦਿਆਲ ਸਿੰਘ ਕਨੇਡਾ ਧਰਮਵੀਰ ਸਿੰਘ ਕਨੇਡਾ ਹਰਬੰਸ ਸਿੰਘ ਸਮਾਲਸਰ ਪ੍ਰਿਤਪਾਲ ਸਿੰਘ ਸਮਾਲਸਰ ਹਰਜਿੰਦਰ ਸਿੰਘ ਕੋਕਰੀ ਸੋਹਣ ਸਿੰਘ ਦੋਲੋ ਕੁਲਵੰਤ ਸਿੰਘ ਘੋਲੀਆ ਕਲਾਂ ਗੁਰਪ੍ਰੀਤ ਸਿੰਘ ਕਨੇਡਾ ਹਰਪ੍ਰੀਤ ਸਿੰਘ ਕਨੇਡਾ, ਰਾਮਗੜ੍ਹ ਕਨੇਡਾ ਸੁਖਪ੍ਰੀਤ ਸਿੰਘ ਕਨੇਡਾ ਲਾਭ ਸਿੰਘ ਅਹਿਮਦਗੜ੍ਹ ਅਜੈਬ ਸਿੰਘ ਮੁੱਲਾਂਪੁਰ ਪ੍ਰੇਮ ਸਿੰਘ ਜਗਰਾਓ ਹਰਜੀਤ ਸਿੰਘ ਬੁੱਟਰ ਕਨੇਡਾ ਸਨੇਹਦੀਪ ਸਿੰਘ ਰਸੂਲਪੁਰ ਗੁਰਮੁਖ ਸਿੰਘ ਰਸੂਲਪੁਰ ਰਵਿੰਦਰ ਸਿੰਘ ਰਵੀ ਇੰਗਲੈਂਡ ਪਹਿਰਲਾਤ ਸਿੰਘ ਚੀਮਾ ਇੰਗਲੈਂਡ ਰਵਿੰਦਰ ਸਿੰਘ ਬੱਬੂ ਇੰਗਲੈਂਡ ਅੰਮ੍ਰਿਤਪਾਲ ਸਿੰਘ ਇੰਗਲੈਂਡ ਬੱਬੂ ਲੁਧਿਆਣਾ ਗੁਰਚਰਨ ਸਿੰਘ ਲੋਪੋ ਮਨਪ੍ਰੀਤ ਸਿੰਘ ਮੰਤਰੀ ਰਾਮ ਸਿੰਘ ਲੋਪੋ ਮਨਦੀਪ ਸਿੰਘ ਮਨੀ ਕੋਰੇਵਾਲਾ ਹਾਜ਼ਰ ਸਨ।

# ਦਲਿਤ ਸੁਰਕਸ਼ਾ ਸੈਨਾ ਦੇ ਮੁੱਖ ਸੰਚਾਲਕ ਵੱਲੋਂ ਚੇਅਰਮੈਨ ਕਮਿੱਕਰ ਸਿੰਘ ਡਾਢੀ ਦਾ ਸਮਾਜ ਵਿੱਚ ਸ਼ਲਾਘਾਯੋਗ ਸੇਵਾਵਾਂ ਨਿਭਾਉਣ ਤੇ ਕੀਤਾ ਵਿਸ਼ੇਸ਼ ਸਨਮਾਨ

ਪੰਜਾਬ ਦਾ ਖੁਲਾਸਾ

**ਕੀਰਤਪੁਰ ਸਾਹਿਬ 21 ਨਵੰਬਰ (ਕੰਵਲ ਜੋਤ ਸਿੰਘ**) ਬੀਤੀ ਦਿਨੀਂ ਦਲਿਤ ਸੁਰਕਸ਼ਾ ਦਲ ਵੱਲੋਂ ਮਾਰਕੀਟ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਦਾ ਸਮਾਜ ਵਿੱਚ ਸ਼ਲਾਘਾਯੋਗ ਸੇਵਾਵਾਂ ਨਿਭਾਉਣ ਬਦਲੇ ਵਿਸ਼ੇਸ਼ ਸਨਮਾਨ ਉਨਾਂ ਦੇ ਪਿੰਡ ਡਾਢੀ ਵਿਖੇ ਕੀਤਾ ਗਿਆ।ਇਸ ਮੌਕੇ ਦਲਿਤ ਸੁਰਕਸ਼ਾ ਦਲ ਦੇ ਮੁੱਖ ਸੰਚਾਲਕ ਸ਼੍ਰੀ ਜਿਲਾ ਸਿੰਘ ਵੈਦ ਭਾਰਤ ਅਤੇ ਪੰਜਾਬ ਮੈਂਬਰ ਸ਼੍ਰੀ ਕ੍ਰਿਸ਼ਨ ਬੈਂਸ ਨੇ ਬੋਲਦਿਆਂ ਕਿਹਾ ਕਿ ਸ਼੍ਰੀ ਅਨੰਦਪੁਰ ਸਾਹਿਬ ਮਾਰਕੀਟ ਕਮੇਟੀ ਦੇ ਚੈਅਰਮੇਨ ਕਮਿੱਕਰ ਸਿੰਘ ਡਾਢੀ ਪਿਛਲੇ ਲੰਮੇ ਸਮੇਂ ਤੋਂ ਸਮਾਜ ਪ੍ਰਤੀ ਹਮੇਸ਼ਾ ਤੱਤਪਰ ਰਹਿੰਦੇ ਹਨ ਤੇ ਉਨਾਂ ਵੱਲੋਂ ਸਮਾਜ ਵਿੱਚ ਕੀਤੀਆਂ ਜਾਂਦੀਆਂ ਗਤੀਵਿਧੀਆਂ ਸ਼ਲਾਘਾਯੋਗ ਹਨ।ਉਨਾਂ ਕਿਹਾ ਕਿ ਕੋਈ ਵੀ ਪ੍ਰੋਗਰਾਮ ਹੋਵੇ ਕਮਿੱਕਰ ਸਿੰਘ ਡਾਢੀ ਹਮੇਸ਼ਾ ਸੇਵਾ ਕਰਨ ਲਈ ਹਾਜਰ ਹੁੰਦਾ ਹਨ ਜਿਸ ਨਾਲ ਸਮਾਜ ਦਾ ਮਾਣ ਹੋਰ ਉੱਚਾ ਹੁੰਦਾ ਹੈ।ਉਨਾਂ ਕਿਹਾ ਕਿ ਵਾਲਮੀਕਿ ਪ੍ਰਗਟ ਦਿਵਸ ਮੌਕੇ ਜਾਂ ਹੋਰਨਾਂ ਸਮਾਗਮਾਂ ਵਿੱਚ ਜਿੱਥੇ ਕਮਿੱਕਰ ਸਿੰਘ ਡਾਢੀ ਆਪਣੇ ਸਾਥੀਆਂ ਨਾਲ ਵੱਧ ਚੜ ਕੇ ਹਿੱਸਾ ਲੈਂਦੇ ਹਨ ਉੱਥੇ ਹੀ ਆਪਣਾ ਬਣਦਾ ਪੂਰਾ ਯੋਗਦਾਨ ਵੀ ਪਾਉਂਦੇ ਹਨ।

ਉਨਾਂ ਕਿਹਾ ਕਿ ਸਮਾਜ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਆਮ ਜਿਹੇ ਘਰ ਵਿੱਚੋਂ ਉੱਠਿਆ ਨੋਜਵਾਨ ਅੱਜ ਮਾਰਕੀਟ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ ਦੇ ਚੈਅਰਮੇਨ ਵਜੋਂ ਸੇਵਾਵਾਂ ਨਿਭਾ ਰਿਹਾ ਹੈ।ਇਸ ਮੌਕੇ ਦਲਿਤ ਸੁਰਕਸ਼ਾ ਸੈਨਾ ਦੇ ਸਮੂਹ ਅਹੁਦੇਦਾਰਾਂ ਵੱਲੋਂ ਕਮਿੱਕਰ ਸਿੰਘ ਡਾਢੀ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ।ਇਸ ਮੌਕੇ ਉਨਾਂ ਨਾਲ ਜਿਲ੍ਹਾ ਚੈਅਰਮੇਨ ਸ਼੍ਰੀ ਯੋਗਰਾਜ ਅਟਵਾਲ, ਮਹਿਲਾ ਵਿੰਗ ਚੈਅਰਮੇਨ ਨਰੇਸ਼ ਕੁਮਾਰੀ ,ਬੀਬੀ ਗੀਤਾ ਰਾਣੀ,ਬੀਬੀ ਕ੍ਰਿਸ਼ਨਾ ਦੇਵੀ ,ਬੀਬੀ ਕੋਮਲਪ੍ਰੀਤ, ਸੁਰਜੀਤ ਸਿੰਘ ਰਸੂਲਪੁਰ,ਹਰਬਿੰਦਰ ਸਿੰਘ ਮਹਿਲ ਕਲਾਂ,ਜੋਗਾ ਸਿੰਘ, ਨਰਿੰਦਰ ਸਿੰਘ ਸਰਪੰਚ ਪਿੰਡ ਬੜਾ,ਪੰਚ ਲਾਲ ਸਿੰਘ,ਕਮਲਜੀਤ ਸਿੰਘ ਵਾਲੀਆ ਤੇ ਹੋਰ ਮੌਜੂਦ ਸਨ।



# ਸ੍ਰੀਮਤੀ ਵੀਰਾ ਵੰਤੀ ਦਾ ਭੋਗ ਤੇ ਅੰਤਿਮ ਅਰਦਾਸ ਅੱਜ

ਪੰਜਾਬ ਦਾ ਖੁਲਾਸਾ

**ਕੋਟਕਪੂਰਾ,21 ਨਵੰਬਰ (ਮਨਜੀਤ ਸਿੰਘ ਢੱਲਾ**)- ਪਿਛਲੇ ਦਿਨੀਂ ਸੰਖੇਪ ਬਿਮਾਰੀ ਤੇ ਚਲਦਿਆਂ ਵੀਰਾ ਵੰਤੀ ਧਰਮ ਪਤਨੀ ਸ਼੍ਰੀ ਦਲਜੀਤ ਕੁਮਾਰ ਬਾਂਗਾ (ਰਟਾਇਰਡ ਬਿਜਲੀ ਬੋਰਡ) ਜੋ ਕਿ ਮਿਤੀ 16 ਨੰਵਬਰ 2024 ਦਿਨ ਸ਼ਨੀਵਾਰ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਪ੍ਰਭੂ ਚਰਣਾ ਵਿੱਚ ਜਾ ਬਿਰਾਜੇ ਸਨ। ਉਹਨਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ ਦਿਨ ਸ਼ੁੱਕਰਵਾਰ ਦੁਪਹਿਰ 12:00 ਤੋ 01:00 ਵਜੇ ਦੇ ਵਿਚਕਾਰ ਗੁਰਦੁਆਰਾ ਸ੍ਰੀ ਸ਼੍ਰੋਮਣੀ ਸੰਗਤ ਸਾਹਿਬ, ਬਾਲਮਿਕ ਚੌਂਕ, ਕੋਟਕਪੂਰਾ ਵਿਖੇ ਹੋਵੇਗੀ। ਇਸ ਮੌਕੇ ਪਰਿਵਾਰਕ ਮੈਂਬਰ ਸੰਦੀਪ ਕੁਮਾਰ (ਗੋਗੀ) (ਪੁੱਤਰ) ਸੁਨੀਲ ਕੁਮਾਰ (ਸੰਨੀ) (ਪੁੱਤਰ)ਸਮੂਹ ਬਾਂਗਾ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਵੱਖ ਵੱਖ ਰਾਜਨੀਤਿਕ ਤੋਂ ਇਲਾਵਾ ਸ਼ਹਿਰ ਵਾਸੀਆਂ ਨੇ ਦੁਖ ਦਾ ਪ੍ਰਗਟਾਵਾ ਕੀਤਾ।





# 8 ਪੰਜਾਬ ਬਟਾਲੀਅਨ ਫਗਵਾੜਾ ਨੇ ਖੂਨ ਦਾਨ ਕਰਕੇ ਮਨਾਇਆ ਐਨ.ਸੀ.ਸੀ. ਦਿਵਸ

ਪੰਜਾਬ ਦਾ ਖੁਲਾਸਾ

**ਫਗਵਾੜਾ 21 ਨਵੰਬਰ (ਪ੍ਰੀਤ ਕੌਰ ਪ੍ਰੀਤੀ**) 8 ਪੰਜਾਬ ਬਟਾਲੀਅਨ ਐਨ.ਸੀ.ਸੀ. ਫਗਵਾੜਾ ਵਲੋਂ ਬਲੱਡ ਬੈਂਕ ਫਗਵਾੜਾ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਪ੍ਰੇਰਣਾ ਸਦਕਾ ਐਨ.ਸੀ.ਸੀ. ਦਿਵਸ ਨੂੰ ਸਮਰਪਿਤ ਕਰਕੇ ਲਗਾਏ ਇਸ ਕੈਂਪ ਦਾ ਉਦਘਾਟਨ ਸੂਬੇਦਾਰ ਜੋਗਿੰਦਰ ਕੁਮਾਰ ਨੇ ਆਪਣਾ ਖੂਨ ਦਾਨ ਕਰਕੇ ਕੀਤਾ। ਇਸ ਕੈਂਪ ਦੌਰਾਨ ਰਾਮਗੜ੍ਹੀਆ ਕਾਲਜ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜੀ.ਐਨ.ਏ. ਯੂਨੀਵਰਸਿਟੀ, ਕਮਲਾ ਨਹਿਰੂ ਕਾਲਜ ਅਤੇ ਖਾਲਸਾ ਕਾਲਜ ਦੇ 27 ਐਨ.ਸੀ.ਸੀ. ਕੇਡਿਟਸ ਨੇ ਸਵੈ ਇੱਛਾ ਨਾਲ ਖੂਨਦਾਨ ਕੀਤਾ। ਖੂਨ ਦਾਨੀਆਂ ਵਿਚ ਭਾਰਤੀ ਫੌਜ ਦੇ ਅਧਿਕਾਰੀ ਵੀ ਸ਼ਾਮਲ ਸਨ। ਕੇਡਿਟਸ ਨੇ ਭਵਿੱਖ ਵਿਚ ਵੀ ਖੂਨ ਦਾਨ ਕਰਦੇ ਰਹਿਣ ਦਾ ਪ੍ਰਣ ਲਿਆ। ਖੂਨ ਦਾਨੀਆਂ ਨੂੰ ਸਰਟੀਫਿਕੇਟ ਵੀ ਤਕਸੀਮ ਕੀਤੇ ਗਏ। ਇਸ ਮੌਕੇ ਸੂਬੇਦਾਰ ਅਵਤਾਰ ਸਿੰਘ, ਨਾਇਬ ਸੂਬੇਦਾਰ ਜਨਾਰਦਨ ਯਾਦਵ, ਨਾਇਬ ਸੂਬੇਦਾਰ ਸਾਹਿਬ ਸਿੰਘ, ਪਰਮਜੀਤ ਸਿੰਘ ਹੌਲਦਾਰ, ਸੁਰਜਨ ਸਿੰਘ, ਮਨਦੀਪ ਸਿੰਘ ਹੌਲਦਾਰ ਆਦਿ ਹਾਜਰ ਸਨ। ਖੂਨਦਾਨ ਦੀ ਪ੍ਰਕ੍ਰਿਆ ਗੁਰਮੀਤ ਪਲਾਹੀ ਦੀ ਦੇਖਰੇਖ ਹੇਠ ਪੂਰੀ ਕੀਤੀ ਗਈ। ਇਸ ਮੌਕੇ ਮੋਹਨ ਲਾਲ ਤਨੇਜਾ, ਸੁਧਾ ਬੇਦੀ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

# ਦਸਮੇਸ਼ ਸਕੂਲ ਬਿਲਾਸਪੁਰ ਦੇ ਵਿਦਿਆਰਥੀਆਂ ਨੇ ਦਿੱਤੀ ਧਾਰਮਿਕ ਪ੍ਰੀਖਿਆ

**ਸ਼੍ਰੋਮਣੀ ਕਮੇਟੀ ਵੱਲੋਂ ਲਈ ਗਈ ਦੋ ਰੋਜ਼ਾ ਪ੍ਰੀਖਿਆ**

ਪੰਜਾਬ ਦਾ ਖੁਲਾਸਾ

**ਬੱਧਨੀ ਕਲਾਂ , 21 ਨਵੰਬਰ ( ਪ ਪ**)- -ਆਪਣੇ ਆਪ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜੋੜਣ ਲਈ ਯਤਨਸ਼ੀਲ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਦੇ ਵਿਦਿਆਰਥੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਦਿੱਤੀ। ਇਸ ਪ੍ਰੀਖਿਆ ਦੌਰਾਨ ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਦਾਤੇਵਾਲ ਨੇ ਨਿਗਰਾਨ ਵਜੋਂ ਡਿਊਟੀ ਨਿਭਾਈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਵੱਖ ਵੱਖ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਦੀ ਇਹ ਪ੍ਰੀਖਿਆ ਲਈ ਜਾਂਦੀ ਹੈ। ਦੋ ਦਿਨਾਂ ਦੀ ਪ੍ਰੀਖਿਆ ਦੌਰਾਨ ਸਿੱਖ ਧਰਮ, ਇਤਿਹਾਸ, ਗੁਰਬਾਣੀ ਅਤੇ ਗੁਰੂ ਸਾਹਿਬਾਨ ਨਾਲ ਸਬੰਧਤ ਗਿਆਨ ਦੇ ਅਧਾਰਿਤ ਸਿਲੇਬਸ ਵਿੱਚੋਂ ਪਹਿਲੇ ਅਤੇ ਦੂਜੇ ਵਰਗ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਲਈ ਜਾਂਦੀ ਹੈ। ਇਸ ਦਾ ਉਦੇਸ਼ ਬੱਚਿਆਂ ਨੂੰ ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ ਨਾਲ ਜੋੜਣਾ ਹੈ। ਵਾਈਸ ਪ੍ਰਿੰਸੀਪਲ ਮੈਡਮ ਮੀਨਾ ਜੈਨ ਨੇ ਦੱਸਿਆ ਕਿ ਇਸ ਸੰਸਥਾ ਦੇ ਬੱਚੇ ਹਰ ਵਰ੍ਹੇ ਇਸ ਪ੍ਰੀਖਿਆ ਵਿੱਚ ਪੂਰੀ ਤਿਆਰੀ ਅਤੇ ਉਤਸ਼ਾਹ ਨਾਲ ਬੈਠਦੇ ਹਨ। ਸਾਨੂੰ ਮਾਣ ਹੈ ਕਿ ਇਸ ਸਕੂਲ ਦੇ ਬੱਚੇ ਹਰ ਸਾਲ ਮੈਰਿਟ ਵਿੱਚ ਆਉਂਦੇ ਹਨ ਅਤੇ ਵਜ਼ੀਫ਼ੇ ਹਾਸਿਲ ਕਰਕੇ ਅਦਾਰੇ ਦਾ ਮਾਣ ਵਧਾਉਂਦੇ ਹਨ। ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ ਅਤੇ ਬਾਨੀ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ ਨੇ ਪ੍ਰੀਖਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੈ ਤਾਂ ਕਿ ਇਸ ਪਦਾਰਥਵਾਦੀ ਯੁੱਗ ਅੰਦਰ ਉਹ ਚੰਗੇ ਨਾਗਰਿਕ ਬਣ ਕੇ ਸਮਾਜ ਦੀ ਸੇਵਾ ਕਰਨ ਦੇ ਸਮਰੱਥ ਬਣ ਸਕਣ। ਪ੍ਰੀਖਿਆ ਦੌਰਾਨ ਪ੍ਰੋਗਰਾਮ ਅਫ਼ਸਰ ਗੁਰਚਰਨ ਸਿੰਘ ਰਾਮਾਂ, ਮੈਡਮ ਪੁਸ਼ਪਾ ਦੇਵੀ, ਨਵਦੀਪ ਕੌਰ ਅਤੇ ਗੁਰਵਿੰਦਰ ਕੌਰ ਆਦਿ ਨੇ ਵਿਸ਼ੇਸ਼ ਸਹਿਯੋਗ ਦਿੱਤਾ।



# ਪਿੰਡ ਇਕੋਲਾਹਾ ਵਿਖੇ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ

ਪੰਜਾਬ ਦਾ ਖੁਲਾਸਾ

**ਖੰਨਾ 21ਨਵੰਬਰ (ਜੇ ਐਸ ਖੰਨਾ**) ਇਲਾਕੇ ਦੇ ਪਿੰਡ ਇਕੋਲਾਹਾ ਦੇ ਗੁਰਦੁਆਰਾ ਸ੍ਰੀ ਗੁਰੂ ਸੰਗਤਸਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।ਜਿਸ ਵਿਚ ਪ੍ਰਧਾਨ ਬਾਦਲ ਸਿੰਘ ਅਤੇ ਸਮੂਹ ਸੰਗਤਾਂ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪ੍ਰਧਾਨ ਜੀ ਨੇ ਦੱਸਿਆ ਕਿ ਸਾਨੂੰ ਸਾਰਿਆ ਨੂੰ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਅਨੁਸਾਰ ਆਪਣਾ ਜੀਵਨ ਢਾਲਣਾ ਚਾਹੀਦਾ ਹੈ ਅਤੇ ਆਪਣੀ ਜ਼ਿੰਦਗੀ ਵਿੱਚ ਉਹਨਾਂ ਦੀਆਂ ਸਿੱਖਿਆਵਾਂ ਅਤੇ ਆਦੇਸ਼ਾਂ ਨੂੰ ਜ਼ਿੰਦਗੀ ਵਿੱਚ ਵਿਅਕਤੀਗਤ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਚੱਲ ਕੇ ਮਿਹਨਤ ਕਰਕੇ ਜੀਵਨ ਬਸਰ ਕਰਨਾ ਚਾਹੀਦਾ ਹੈ ਅਤੇ ਨਾਮ ਬਾਣੀ ਦਾ ਅਭਿਆਸ ਕਰਨਾ ਚਾਹੀਦਾ ਹੈ ਅਤੇ ਵੰਡ ਕੇ ਛਕਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਸਾਨੂੰ ਆਪਸੀ ਭਾਈਚਾਰਾ ਹਰ ਕੀਮਤ ਤੇ ਬਰਕਰਾਰ ਰੱਖਣਾ ਚਾਹੀਦਾ ਹੈ। ਉਹਨਾਂ ਨੇ ਇਸ ਪਾਵਨ ਦਿਹਾੜੇ ਦੀਆਂ ਨਗਰ ਨਿਵਾਸੀਆਂ , ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਭਾਈਚਾਰੇ ਅਤੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਇਸ ਪਾਵਨ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਹਰਭਜਨ ਸਿੰਘ, ਇਕਬਾਲ ਸਿੰਘ, ਗੁਰਪ੍ਰੀਤ ਸਿੰਘ, ਜਸਪਾਲ ਸਿੰਘ ਜੇ ਪੀ, ਬੇਅੰਤ ਸਿੰਘ,ਜੇ ਬੀ ਔਜਲਾ ਅਤੇ ਇਲਾਕਾ ਨਿਵਾਸੀਵੱਡੀ ਗਿਣਤੀ ਵਿੱਚ ਹਾਜਰ ਸਨ।



# ਪੁਸਤਕਾਂ ਤੋਂ ਮਿਲਦੀ ਹੈ ਮਾਨਸਿਕ ਤੰਦਰੁਸਤੀ ਲਈ ਜ਼ਰੂਰੀ ਗਿਆਨ ਦੀ ਖੁਰਾਕ- ਡਾ. ਨੀਲਮ ਸੇਠੀ

ਪੰਜਾਬ ਦਾ ਖੁਲਾਸਾ

**ਫਗਵਾੜਾ 21 ਨਵੰਬਰ ( ਪ੍ਰੀਤ ਕੌਰ ਪ੍ਰੀਤੀ**) ਜੀ.ਆਰ.ਡੀ. ਕੋਐਜੁਕੇਸ਼ਨ ਕਾਲਜ ਫਗਵਾੜਾ ਵਿਖੇ 'ਲਾਇਬ੍ਰੇਰੀ ਅੱਪ ਕੀਪਿੰਗ' ਕੈਂਪ ਕਾਲਜ ਡਾਇਰੈਕਟਰ (ਐਜੂਕੇਸ਼ਨ) ਡਾ. ਨੀਲਮ ਸੇਠੀ ਦੀ ਅਗਵਾਈ ਹੇਠ ਲਗਾਇਆ ਗਿਆ। ਲਾਇਬ੍ਰੇਰੀ ਕਮੇਟੀ ਅਤੇ ਐਨ.ਐਸ.ਐਸ. ਯੂਨਿਟ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਦੌਰਾਨ ਅਧਿਆਪਕਾਂ, ਵਿਦਿਆਰਥੀਆਂ ਅਤੇ ਕਾਲਜ ਦੇ ਨਾਨ ਟੀਚਿੰਗ ਸਟਾਫ ਨੇ ਵੀ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਅਤੇ ਸਫਾਈ ਸੇਵਕਾਂ ਨੇ ਲਾਇਬ੍ਰੇਰੀ ਦੀ ਸਫਾਈ ਕੀਤੀ ਅਤੇ ਪੁਸਤਕਾਂ, ਰਸਾਲਿਆਂ ਤੇ ਅਖ਼ਬਾਰਾਂ ਨੂੰ ਤਰਤੀਬ ਨਾਲ ਰੱਖਿਆ। ਇਸ ਤੋਂ ਇਲਾਵਾ ਅਧਿਆਪਕਾਂ ਦੇ ਰੀਡਿੰਗ ਰੂਮ, ਪੀ.ਜੀ ਕਲਾਸ ਦੇ ਰੀਡੀਂਗ ਰੂਮ ਦੀ ਸਾਫ-ਸਫਾਈ ਵੀ ਕੀਤੀ ਗਈ। ਡਾ. ਨੀਲਮ ਸੇਠੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸ਼ਰੀਰ ਦੀ ਤੰਦਰੁਸਤੀ ਲਈ ਸੰਤੁਲਿਤ ਭੋਜਨ ਜਰੂਰੀ ਹੈ, ਉਸੇ ਤਰ੍ਹਾਂ ਮਾਨਸਿਕ ਤੰਦਰੁਸਤੀ ਲਈ ਗਿਆਨ ਦੀ ਜਰੂਰਤ ਹੁੰਦੀ ਹੈ। ਜਿਸ ਦੀ ਖੁਰਾਕ ਸਾਨੂੰ ਪੁਸਤਕਾਂ ਪੜ੍ਹ ਕੇ ਮਿਲਦੀ ਹੈ। ਉਹਨਾਂ ਕਿਹਾ ਕਿ ਲਾਇਬ੍ਰੇਰੀ ਗਿਆਨ ਨੂੰ ਵਧਾਉਣ ਦਾ ਇਕ ਵਧੀਆ ਸਰੋਤ ਹੈ। ਜਿੱਥੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਉਹਨਾਂ ਦੱਸਿਆ ਕਿ ਭਾਰਤ ਨੂੰ ਪੁਰਾਤਨ ਕਾਲ ਵਿਚ ਵਿਸ਼ਵ ਗੁਰੂ ਕਿਹਾ ਜਾਂਦਾ ਸੀ, ਕਿਉਂਕਿ ਇੱਥੇ ਨਾਲੰਦਾ ਅਤੇ ਤਕਸ਼ਸ਼ਿਲਾ ਵਰਗੀਆਂ ਵਿਸ਼ਵ ਪ੍ਰਸਿੱਧ ਲਾਇਬ੍ਰੇਰੀਆਂ ਮੌਜੂਦ ਸਨ। ਵਿਦਿਆਰਥੀਆਂ ਦੀ ਪੋਸਟਰ ਮੇਕਿੰਗ ਪ੍ਰਤਿਯੋਗਿਤਾ ਵੀ ਕਰਵਾਈ ਗਈ। ਜਿਸ ਵਿਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਸੁੰਦਰ ਪੋਸਟਰ ਤਿਆਰ ਕਰਕੇ ਪੁਸਤਕਾਂ ਪੜ੍ਹਨ ਦਾ ਸੁਨੇਹਾ ਦਿੱਤਾ। ਪੋਸਟਰ ਮੇਕਿੰਗ ਮੁਕਾਬਲੇ 'ਚ 10+2 ਦੀ ਵਿਦਿਆਰਥਣ ਪੂਨਮ ਨੇ ਪਹਿਲਾ, 10+1 ਦੀ ਵਿਦਿਆਰਥਣ ਮਨਪ੍ਰੀਤ ਨੇ ਦੂਸਰਾ ਅਤੇ ਇਸੇ ਜਮਾਤ ਦੀ ਪੱਲਵੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅਖੀਰ 'ਚ ਕੈਂਪ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਕੇ ਹੌਸਲਾ ਅਫਜਾਈ ਕੀਤੀ ਗਈ।

# ਬਲਕਾਰ ਸਿੰਘ ਲੱਖੇਵਾਲੀ ਨੂੰ ਥਾਪਿਆ ਬਸਪਾ ਨੇ ਜ਼ਿਲ੍ਹਾ ਪ੍ਰਧਾਨ

**ਮੇਰੇ ਪਿਤਾ ਦੁਬਾਰਾ ਕੀਤੀ ਪਾਰਟੀ ਦੀ ਸੇਵਾ ਦਾ ਫਲ ਮੈਨੂੰ ਮਿਲਿਆ :- ਬਲਕਾਰ ਸਿੰਘ ਲੱਖੇਵਾਲੀ**

ਪੰਜਾਬ ਦਾ ਖੁਲਾਸਾ

**ਦੋਦਾ /ਮੰਡੀ ਲੱਖੇਵਾਲੀ, 21 ਨਵੰਬਰ ( ਲਖਵੀਰ ਸਿੰਘ ਧੂਲਕੋਟੀਆ**)-ਬਸਪਾ ਦੇ ਨਵ ਨਿਯੁਕਤ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਰਾਜ ਸਭਾ ਮੈਂਬਰ ਅੱਜ ਵਿਸ਼ੇਸ਼ ਤੌਰ ਤੇ ਮਲੋਟ ਪਹੁੰਚੇ ਜਿੱਥੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਸਪਾ ਵਰਕਰਾਂ ਨੇ ਸ਼ਿਰਕਤ ਕੀਤੀ ਪੰਜਾਬ ਪ੍ਰਧਾਨ ਨੇ ਵਰਕਰਾਂ ਨਾਲ ਮੀਟਿੰਗ ਤੋਂ ਬਾਅਦ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਨਵਾਂ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ ਲਈ ਵਰਕਰਾਂ ਦੀ ਰਹਿ ਮੰਗੀ ਤੇ ਸਾਰਿਆਂ ਨੇ ਆਪਣੀ ਸਹਿਮਤੀ ਦੇ ਨਾਲ ਇਹ ਜਿੰਮੇਵਾਰੀ ਬਲਕਾਰ ਸਿੰਘ ਲੱਖੇਵਾਲੀ ਸਵਰਗੀ ਸਰਦਾਰ ਸੁਖਦੇਵ ਸਿੰਘ ਲੱਖੇਵਾਲੀ ਦੇ ਸਪੁੱਤਰ ਨੂੰ ਦੇਣ ਦੀ ਹਾਮੀ ਭਰੀ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਵੱਲੋਂ ਸਾਰਿਆਂ ਦੀ ਸਹਿਮਤੀ ਲੈ ਕੇ ਬਲਕਾਰ ਸਿੰਘ ਲੱਖੇਵਾਲੀ ਨੂੰ ਬਸਪਾ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਕਾਰ ਸਿੰਘ ਲੱਖੇਵਾਲੀ ਨੇ ਦੱਸਿਆ ਹੈ ਕਿ ਮੇਰੇ ਪਿਤਾ ਦੁਆਰਾ ਪਾਰਟੀ ਦੀ ਸੇਵਾ ਲਈ ਆਪਣੀ ਸਾਰੀ ਜ਼ਿੰਦਗੀ ਲਾ ਦਿੱਤੀ ਹਮੇਸ਼ਾ ਹੀ ਇਮਾਨਦਾਰੀ ਅਤੇ ਮਿਹਨਤ ਨਾਲ ਪਾਰਟੀ ਲਈ ਕੰਮ ਕੀਤਾ ਪਾਰਟੀ ਨੇ ਜਿਸ ਤਰ੍ਹਾਂ ਦਾ ਵੀ ਮੇਰੇ ਪਿਤਾ ਨੂੰ ਹੁਕਮ ਲਾਇਆ ਉਹਨਾਂ ਨੇ ਹਮੇਸ਼ਾ ਹੀ ਖਿੜੇ ਮੱਥੇ ਪ੍ਰਵਾਨ ਅੱਜ ਭਾਵੇਂ ਉਹ ਇਸ ਦੁਨੀਆਂ ਤੇ ਨਹੀਂ ਹਨ ਪਾਰਟੀ ਵਰਕਰਾਂ ਅਤੇ ਸੂਬਾ ਪ੍ਰਧਾਨ ਨੇ ਮੇਰੇ ਪਿਤਾ ਦੀ ਕੀਤੀ ਮਿਹਨਤ ਦਾ ਫਲ ਸਾਡੇ ਪਰਿਵਾਰ ਨੂੰ ਵੱਡੀ ਜਿੰਮੇਵਾਰੀ ਦੇ ਕੇ ਦਿੱਤਾ ਮੈਂ ਅਤੇ ਮੇਰਾ ਪੂਰਾ ਪਰਿਵਾਰ ਵਿਸ਼ਵਾਸ ਦਵਾਉਂਦੇ ਹਾਂ ਕਿ ਪਾਰਟੀ ਲਈ ਦਿਨ ਰਾਤ ਇੱਕ ਕਰ ਦੇਵਾਂਗੇ ਆਪਣੇ ਪਿਤਾ ਵਾਂਗ ਹਰ ਸਮੇਂ ਪਾਰਟੀ ਦੀ ਸੇਵਾ ਕਰਦੇ ਰਹਾਂਗੇ ਇਸ ਮੌਕੇ ਕੁਲਦੀਪ ਸਿੰਘ ਸਰਦੂਲਗੜ੍ਹ ਜਰਨਲ ਸੈਕਟਰੀ ਪੰਜਾਬ. ਸ਼ੀਲਾ ਰਾਣੀ ਜੀ ਜਰਨਲ ਸੈਕਟਰੀ ਪੰਜਾਬ.ਗੁਰਬਕਸ ਸਿੰਘ ਚੋਹਾਨ ਫਰੀਦਕੋਟ.ਪ੍ਰਗਟ ਸਿੰਘ ਜਿਲ੍ਹਾ ਇੰਚਾਰਜ.ਪ੍ਰਵੀਨ ਕੁਮਾਰ ਬਾਗੜੀ.ਰਾਜ ਕੀਮਰ ਰਾਜੋਰਿਆ.ਜੈਲਾ ਰਾਮ ਜੀ ਮਲੋਟ. ਸਵਰਨ ਸਿੰਘ ਮਲੋਟ. ਪ੍ਰਦੀਪ ਕੁਮਾਰ ਐਡਵੋਕੇਟ. ਰਮੇਸ਼ ਸਿੰਘ.ਅਤੇ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਸ਼ਾਮਿਲ ਸਨ।



# ਨਗਰ ਕੌਂਸਲ ਖੰਨਾ ਦੀਆਂ ਯੂਨੀਅਨਾਂ ਨੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਨੂੰ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ

ਪੰਜਾਬ ਦਾ ਖੁਲਾਸਾ

**ਖੰਨਾ 21 ਨਵੰਬਰ ( ਜੇ ਐਸ ਖੰਨਾ**) ਸਫਾਈ ਸੇਵਕ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਗਰੀਬਦਾਸ ਅਤੇ ਮਿਉਂਸਪਲ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਅਨਿਲ ਕੁਮਾਰ ਗੱਟੂ, ਸੀਵਰਮੈਨ ਸੇਵਕ ਕਰਮਚਾਰੀ ਐਸੋਸੀਏਸ਼ਨ ਦੇ ਪ੍ਰਧਾਨ ਰੁਲਦੂ ਰਾਮ, ਚੇਅਰਮੈਨ ਬਲਰਾਮ ਬਾਲੂ ਦੀ ਅਗਵਾਈ ਵਿੱਚ ਸਮੂਹ ਸਫਾਈ ਸੇਵਕ ਅਤੇ ਸੀਵਰਮੈਨਾ ਵੱਲੋਂ ਨਗਰ ਕੌਂਸਲ ਖੰਨਾ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ। ਇਹ ਮੰਗ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦੇ ਨਾਮ ਦਿੱਤਾ ਗਿਆ। ਇਸ ਮੰਗ ਪੱਤਰ ਵਿੱਚ ਜੋ ਅਹਿਮ ਮੰਗ ਸੀ ਉਹ ਇਹ ਸੀ ਕਿ ਨਗਰ ਕੌਂਸਲ ਖੰਨਾ ਵਿਖੇ ਜੋ ਵੀ ਕੰਟਰੈਕਟ ਬੇਸ ਸਫਾਈ ਸੇਵਕ ਅਤੇ ਸੀਵਰ ਮੈਨ ਜੋ ਪਿਛਲੇ ਲੰਬੇ ਸਮੇਂ ਤੋਂ ਸ਼ਹਿਰ ਨੂੰ ਵਧੀਆ ਤੇ ਸਾਫ ਸੁਥਰਾ ਰੱਖਣ ਲਈ ਤਕਰੀਬਨ 25 ਸਾਲਾਂ ਤੋਂ ਆਪਣੀ ਸੇਵਾ ਨਿਭਾਉਂਦੇ ਆ ਰਹੇ ਹਨ ਪੰਜਾਬ ਸਰਕਾਰ ਵੱਲੋਂ ਜਲਦ ਤੋਂ ਜਲਦ ਇਹਨਾਂ ਸਫਾਈ ਸੇਵਕਾਂ ਅਤੇ ਸੀਵਰਮੈਨਾ ਨੂੰ ਰੈਗੂਲਰ ਕੀਤਾ ਜਾਵੇ ਕਿਉਂਕਿ ਇਸ ਮਹਿੰਗਾਈ ਦੇ ਸਮੇਂ ਵਿੱਚ ਇਹ ਜੋ ਮੁਲਾਜ਼ਮ ਹਨ ਤਕਰੀਬਨ 10 ਹਜਾਰ ਦੇ ਕਰੀਬ ਤਨਖਾਹ ਲੈ ਰਹੇ ਹਨ ਇਸ ਅੱਤ ਦੀ ਮਹਿੰਗਾਈ ਦੇ ਸਮੇਂ ਵਿੱਚ 10 ਹਜਾਰ ਰੁਪਏ ਵਿੱਚ ਇਹ ਜੋ ਮੁਲਾਜ਼ਮ ਹਨ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਨ ਲਈ ਮਜਬੂਰ ਹਨ। ਇਹਨਾਂ ਮੁਲਾਜ਼ਮਾਂ ਦੀ ਜੋ ਉਮਰ ਵੀ ਹੈ ਉਹ ਵੀ ਦਿਨ ਪ੍ਰਤੀ ਦਿਨ ਗੁਜਰਦੀ ਜਾ ਰਹੀ ਹੈ। ਇਸ ਲਈ ਸਮੁੱਚੇ ਮੁਲਾਜ਼ਮ ਵਰਗ ਨੂੰ ਅਤੇ ਯੂਨੀਅਨ ਨੂੰ ਇਹ ਵਿਸ਼ਵਾਸ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵਿੱਚ ਇਹ ਜੋ ਮੁਲਾਜ਼ਮ ਹਨ ਇਹ ਜਲਦ ਤੋਂ ਜਲਦ ਪੱਕੇ ਹੋ ਜਾਣਗੇ। ਇਸ ਤਰ੍ਹਾਂ ਦਾ ਮੰਗ ਪੱਤਰ ਪਹਿਲਾ ਵੀ ਮਾਨਯੋਗ ਕੈਬਿਨਟ ਮੰਤਰੀ ਸ: ਤਰੁਣਪ੍ਰੀਤ ਸਿੰਘ ਸੋਂਦ ਜੀ ਨੂੰ ਵੀ ਮੁਲਾਜ਼ਮਾਂ ਵੱਲੋਂ ਦਿੱਤਾ ਗਿਆ ਸੀ ਅਤੇ ਸਮੂਹ ਮੁਲਾਜ਼ਮਾਂ ਨੂੰ ਇਹ ਆਸ ਹੈ ਕਿ ਕੈਬਿਨਟ ਮੰਤਰੀ ਸੋਂਦ ਸਾਹਿਬ ਦੀ ਰਹਿਨੁਮਾਈ ਚ ਨਗਰ ਕੌਂਸਲ ਖੰਨਾ ਦੇ ਸਾਰੇ ਮੁਲਾਜ਼ਮ ਪੱਕੇ ਹੋ ਜਾਣਗੇ ਅਤੇ ਠੇਕੇਦਾਰੀ ਸਿਸਟਮ ਨੂੰ ਬੰਦ ਕਰਕੇ ਸਮੂਹ ਮੁਲਾਜ਼ਮ ਕੰਟਰੈਕਟ ਬੇਸ ਤੇ ਰੱਖੇ ਜਾਣਗੇ ਅਤੇ ਪੁਰਾਣੀ ਪੈਨਸ਼ਨ ਸਕੀਮ ਵੀ ਬਹਾਲ ਕਰਾਈ ਜਾਵੇਗੀ। ਇਸ ਮੌਕੇ ਸਫਾਈ ਸੇਵਕ ਕਰਮਚਾਰੀ ਯੂਨੀਅਨ ਦੇ ਮੀਤ ਪ੍ਰਧਾਨ ਹਰਪਾਲ ਸਿੰਘ, ਮੀਤ ਪ੍ਰਧਾਨ ਮੇਨ ਪਾਲ ਨੰਬਰਦਾਰ, ਦਰਸ਼ਨ ਲਾਲ ਬਾਲੂ ਓਮ ਪ੍ਰਕਾਸ਼ ਡੋਲੀ ਵਾਲੂ, ਰੋਤਾਸ ਸਿੰਘ, ਵਿਕਰਮ ਸਿੰਘ, ਅਜੇ ਕੁਮਾਰ, ਮਹਿਲਾ ਵਿੰਗ ਦੀ ਪ੍ਰਧਾਨ ਰਜਨੀ ਰਾਣੀ , ਰਾਣੀ, ਹੇਮਾ, ਸ਼ੈਲੀ ਬਾਲੂ, ਦੀਪਕ ਅਟਵਾਲ, ਰਮੇਸ਼ ਚੌਹਾਨ, ਬਾਬੂ ਸ਼ਾਮ ਲਾਲ, ਸੋਨੂੰ ਬਾਲੂ, ਵਿਕਾਸ ਕੁਮਾਰ ਵਿੱਕੀ, ਧਰਵਿੰਦਰ ਸਿੰਘ, ਜਤਿੰਦਰ ਬਾਲੂ, ਪਵਨ ਕੁਮਾਰ ਆਦਿ ਸਮੂਹ ਨਗਰ ਕੌਂਸਲ ਖੰਨਾ ਦੇ ਮੁਲਾਜ਼ਮ ਹਾਜ਼ਰ ਸਨ।



# ਸਰਕਾਰੀ ਹਸਪਤਾਲ ਸਿੰਘਪੁਰ ਦੇ ਆਪ੍ਰੇਸ਼ਨ ਥਿਏਟਰ ਲਈ 2.65 ਲੱਖ ਰੁ. ਦੀ ਗ੍ਰਾਂਟ ਜਾਰੀ

ਪੰਜਾਬ ਦਾ ਖੁਲਾਸਾ



**ਨੂਰਪੁਰਬੇਦੀ, 21 ਨਵੰਬਰ (ਦਲਜੀਤ ਚਨੌਲੀ)**- ਸਰਕਾਰੀ ਹਸਪਤਾਲ ਸਿੰਘਪੁਰ ਦੇ ਆਪ੍ਰੇਸ਼ਨ ਥਿਏਟਰ ਲਈ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਦੀਆਂ ਕੋਸ਼ਿਸ਼ਾਂ ਸਦਕਾ ਸਿਹਤ ਵਿਭਾਗ ਵੱਲੋਂ 2 ਲੱਖ 65 ਹਜ਼ਾਰ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ . ਜ਼ਿਕਰਯੋਗ ਹੈ ਕਿ ਉਕਤ ਹਸਪਤਾਲ ਦਾ ਕੇਵਲ ਛੋਟੇ-ਮੋਟੇ ਇਲਾਜ ਲਈ ਹੀ ਆਪ੍ਰੇਸ਼ਨ ਥਿਏਟਰ ਇਸਤੇਮਾਲ 'ਚ ਲਿਆਂਦਾ ਜਾਂਦਾ ਸੀ ? ਜਦਕਿ ਜ਼ਰੂਰੀ ਉਪਕਰਨਾਂ ਦੀ ਘਾਟ ਹੋਣ ਕਾਰਨ ਉਕਤ ਆਪ੍ਰੇਸ਼ਨ ਥਿਏਟਰ 'ਚ ਕੁਝ ਜ਼ਰੂਰੀ ਤੇ ਵੱਡੇ ਆਪ੍ਰੇਸ਼ਨ ਨਹੀਂ ਕੀਤੇ ਜਾ ਰਹੇ ਸਨ ? ਜਿਸ ਸਬੰਧੀ ਹਸਪਤਾਲ ਦੇ ਸਿਹਤ ਅਧਿਕਾਰੀਆਂ ਵੱਲੋਂ ਜਾਣੂ ਕਰਵਾਏ ਜਾਣ ਤੋਂ ਬਾਅਦ ਵਿਧਾਇਕ ਚੱਢਾ ਨੇ ਸਿਹਤ ਵਿਭਾਗ ਤੋਂ ਉਕਤ ਹਸਪਤਾਲ ਦੇ ਆਪ੍ਰੇਸ਼ਨ ਥਿਏਟਰ 'ਚ ਜ਼ਰੂਰੀ ਉਪਕਰਨ ਮੁਹੱਈਆ ਕਰਵਾਉਣ ਲਈ ਉਕਤ ਗ੍ਰਾਂਟ ਮਨਜ਼ੂਰ ਕਰਵਾਈ ਹੈ ? ਉਕਤ ਗ੍ਰਾਂਟ ਹਸਪਤਾਲ ਦੇ ਖਾਤੇ 'ਚ ਜਮ੍ਹਾਂ ਹੋ ਚੁੱਕੀ ਹੈ ਅਤੇ ਜਿਸਦੇ ਬਾਕਾਇਦਾ ਟੈਂਡਰ ਵੀ ਲੱਗ ਚੁੱਕੇ ਹਨ ? ਉਕਤ ਟੈਂਡਰਾਂ ਦੇ ਖੁੱਲ੍ਹਣ ਉਪਰੰਤ ਸਬੰਧਿਤ ਵੈਂਡਰ ਵੱਲੋਂ ਕੁਝ ਹੀ ਦਿਨਾਂ 'ਚ ਹਸਪਤਾਲ ਦੇ ਆਪ੍ਰੇਸ਼ਨ ਥਿਏਟਰ ਲਈ ਲੋੜੀਂਦਾ ਤੇ ਜ਼ਰੂਰੀ ਸਮਾਨ ਮੁਹੱਈਆ ਕਰਵਾ ਦਿੱਤਾ ਜਾਵੇਗਾ ? ਜਿਸਤੋਂ ਬਾਅਦ ਹਸਪਤਾਲ ਵਿਖੇ ਹਰ ਤਰ੍ਹਾਂ ਦੇ ਆਪ੍ਰੇਸ਼ਨ ਕੀਤੇ ਜਾ ਸਕਣਗੇ ? ਜਿਸ ਕਾਰਨ ਮਰੀਜ਼ਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਣ ਕਾਰਨ ਉਨ੍ਹਾਂ ਇਸਦਾ ਭਾਰੀ ਲਾਭ ਹਾਸਿਲ ਹੋ ਸਕੇਗਾ ? ਜ਼ਿਕਰਯੋਗ ਹੈ ਕਿ ਵਿਧਾਇਕ ਚੱਢਾ ਵੱਲੋਂ ਜਿੱਥੇ ਕੁਝ ਸਮਾਂ ਪਹਿਲਾਂ ਲੋਕਾਂ ਦੀ ਮੰਗ ਨੂੰ ਧਿਆਨ 'ਚ ਰੱਖਦਿਆਂ ਹਸਪਤਾਲ ਵਿਖੇ ਕਰੀਬ 13 ਲੱਖ ਰੁਪਏ ਦੀ ਲਾਗਤ ਨਾਲ ਡਿਜੀਟਲ ਐਕਸ-ਰੇ ਮਸ਼ੀਨ ਉਪਲੱਬਧ ਕਰਵਾਈ ਗਈ ਸੀ ਉੱਥੇ ਹੀ ਸਮੁੱਚੇ ਹਸਪਤਾਲ ਕੰਪਲੈਕਸ ਅਤੇ ਇਸਨੂੰ ਜਾਣ ਵਾਲੇ ਰਸਤੇ 'ਤੇ ਕਰੀਬ 3 ਲੱਖ ਰੁਪਏ ਦੀ ਲਾਗਤ ਨਾਲ ਸੋਲਰ ਲਾਈਆਂ ਵੀ ਲਗਾਈਆਂ ਗਈਆਂ ਸਨ ? ਜਦਕਿ 18 ਲੱਖ ਦੀ ਲਾਗਤ ਨਾਲ ਲੇਖਾ-ਜੋਖਾ ਬ੍ਰਾਂਚ ਅਤੇ ਲੈਬੋਰਟੇਰੀ ਦਾ ਵੀ ਨਿਰਮਾਣ ਕਰਵਾਇਆ ਗਿਆ ਹੈ ਜੋ ਕੁਝ ਸਮੇਂ ਦੌਰਾਨ ਹੀ ਹਸਪਤਾਲ ਨੂੰ ਸਮਰਪਿਤ ਕਰ ਦਿੱਤੀ ਜਾਵੇਗੀ

# ਸੜਕ ਨੂੰ ਪੱਕਾ ਕਰਨ ਦੀ ਸ਼ੁਰੂਆਤ ਸੇਵਾਦਾਰ ਬਾਬਾ ਸੋਮਾ ਸਿੰਘ ਤੋਂ ਟੱਕ ਲਵਾ ਕੇ ਕਰਵਾਈ ਗਈ

ਪੰਜਾਬ ਦਾ ਖੁਲਾਸਾ

**ਨੂਰਪੁਰ ਬੇਦੀ(21 ਨਵੰਬਰ ਦਲਜੀਤ ਚਨੌਲੀ)** ਛੰਨ ਬਾਬਾ ਕੁੰਮਾ ਮਾਸ਼ਕੀ ਜੇ ਕੱਚੇ ਰਸਤੇ ਨੂੰ ਪੱਕਾ ਕਰਨ ਦਾ ਜੋ ਬੀੜਾ ਹਲਕਾ ਵਿਧਾਇਕ ਦਿਨੇਸ਼ ਚੱਢਾ ਵੱਲੋਂ ਜੋ ਚੁੱਕਿਆ ਗਿਆ ਸੀ ਉਹ ਅੱਜ ਉਹ ਪੂਰਾ ਹੋਣ ਜਾ ਰਿਹਾ ਹੈ। ਅੱਜ ਵਿਧਾਇਕ ਚੱਢਾ ਵੱਲੋਂ ਵਿਚਕਾਰਲੇ ਬਚਦੇ ਰਸਤੇ ਜਿਸ ਦੀ ਲੰਬਾਈ ਲਗਭਗ 1100 ਫੁੱਟ ਸੀ ਉਹ ਸੜਕ ਨੂੰ ਪੱਕਾ ਕਰਨ ਦੀ ਸ਼ੁਰੂਆਤ ਅੱਜ ਉੱਥੇ ਤੇ ਸੇਵਾਦਾਰ ਬਾਬਾ ਸੋਮਾ ਸਿੰਘ ਤੋਂ ਟੱਕ ਲਵਾ ਕੇ ਕਰਵਾਈ ਗਈ

ਇਸ ਮੌਕੇ ਵਿਧਾਇਕ ਚੱਢਾ ਵੱਲੋਂ ਇਹ ਗੱਲ ਆਖੀ ਗਈ ਕਿ ਦੁਨੀਆਂ ਦੇ ਸਭ ਤੋਂ ਵੱਡੇ ਇਤਿਹਾਸ ਦਾ ਇਹ ਰਸਤਾ ਗਵਾਹ ਇਸ ਰਸਤੇ ਤੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦਾ ਪਰਿਵਾਰ ਹੋ ਕੇ ਗੁਜਰਿਆ ਸੀ ਇਸ ਰਸਤੇ ਨੂੰ ਵਧੀਆ ਬਣਾਉਣ ਵਿੱਚ ਜੋ ਵੀ ਅਸੀਂ ਕੁਝ ਲਾ ਲਈਏ ਉਹ ਥੋੜਾ ਹੈ ਇਸ ਰਸਤੇ ਦੀ ਆਪਣੇ ਆਪ ਦੇ ਵਿੱਚ ਇੱਕ ਬੜੀ ਮਹੱਤਤਾ ਹੈ ਇਸ ਰਸਤੇ ਨੂੰ ਪੱਕਾ ਬਣਾਉਣ ਲਈ ਪਿਛਲੇ ਸਾਲ ਲਗਭਗ 30 ਲੱਖ ਦੀ ਰਾਸ਼ੀ ਲੱਗੀ ਸੀ ਜਿਸ ਵਿੱਚ ਅੱਧੇ ਤੋਂ ਜ਼ਿਆਦਾ ਰਸਤਾ ਪੂਰਾ ਹੋ ਗਿਆ ਸੀ। ਇਹ ਜੋ ਰਸਤਾ ਪਿੰਡ ਅਵਾਨਕੋਟ ਤੋਂ ਗੁਰਦੁਆਰਾ ਸਾਹਿਬ ਦੇ



ਵਿਚਕਾਰ ਸੀ ਉਹ ਅਧੂਰਾ ਪਿਆ ਸੀ ਜਿਸ ਰਸਤੇ ਤੋਂ ਗੁਰਦੁਆਰਾ ਪਰਿਵਾਰ ਵਿਛੋੜਾ ਤੋਂ ਨਗਰ ਕੀਰਤਨ ਆਉਂਦਾ ਸੀ ਅੱਜ ਉਸ ਰਸਤੇ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ ਹੈ ਤੇ ਆਉਣ ਵਾਲੇ ਇੱਕ ਮਹੀਨੇ ਦੇ ਅੰਦਰ ਅੰਦਰ ਇਸ ਦਾ ਕੰਮ ਪੂਰਾ ਕਰ ਦਿੱਤਾ ਜਾਵੇਗਾ ਜ਼ਿਕਰਯੋਗ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਜਦੋਂ ਦਸੰਬਰ ਦੇ ਮਹੀਨੇ ਨਗਰ ਕੀਰਤਨ ਛੰਨ ਬਾਬਾ ਕੁੰਮਾ ਮਾਸਕੀ ਜਾਂਦਾ ਸੀ ਉਦੋਂ ਸਾਰੀ ਸੰਗਤ ਕੱਚੇ ਰਸਤੇ ਹੁੰਦੇ ਹੁੰਦੇ ਛੰਨ ਬਾਬਾ ਕੁੰਮਾ ਮਾਸ਼ਕੀ ਜਾਂਦੀ ਸੀ ਦਿਨੇਸ਼ ਚੱਢਾ ਵੱਲੋਂ ਪਿਛਲੇ ਸਾਲ ਇਸ ਰੋਡ ਨੂੰ ਪੱਕਾ ਕਰਾਉਣ ਦਾ ਜੋ ਬੀੜਾ ਚੁੱਕਿਆ ਸੀ ਅੱਜ ਉਹ ਪੂਰਾ ਹੋਣ ਜਾ ਰਿਹਾ ਹੈ। ਇਸ ਮੌਕੇ ਬਾਬਾ ਸੋਮਾ ਸਿੰਘ ਅਤੇ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਵਲੋਂ ਇਹ ਗੱਲ ਆਖੀ ਗਈ ਕੀ ਦਸੰਬਰ ਦੀ 22 23 ਤਰੀਕ ਜਦੋਂ ਨਗਰ ਕੀਰਤਨ ਆਉਣਾ ਹੈ ਉਸ ਤੋਂ ਪਹਿਲਾਂ ਇਸ ਰਸਤੇ ਨੂੰ ਪੱਕਾ ਕਰ ਦਿੱਤਾ ਜਾਵੇ ਅਤੇ ਹੈ ਇਸ ਸਾਲ ਜੋ ਸੰਗਤਾਂ ਨੱਕ ਮਸਤਕ ਹੋਣ ਲਈ ਛੰਨ ਬਾਬਾ ਕੁੰਮਾ ਮਾਸਕੀ ਨਗਰ ਕੀਰਤਨ ਵਿੱਚ ਆਣਗੀਆਂ ਸਾਰੀਆਂ ਸੰਗਤਾਂ ਪੱਕੇ ਰਸਤੇ ਹੁੰਦੇ ਹੋਏ ਗੁਰਦੁਆਰਾ ਸਾਹਿਬ ਨੱਕ ਮਸਤਕ ਹੋਣ ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਣ ਜਾ ਰਿਹਾ ਇਸ ਮੌਕੇ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ, ਬਲਾਕ ਪ੍ਰਧਾਨ ਪਰਵਿੰਦਰ ਸਿੰਘ ਬਾਲਾ, ਸਰਪੰਚ ਕੁਲਦੀਪ ਸਿੰਘ ਜੇਈ ਘਨੌਲੀ, ਟਰੇਡ ਵਿੰਗ ਜ਼ਿਲ੍ਹਾ ਪ੍ਰਧਾਨ ਲਲਿਤ ਡਕਾਲਾ, ਜੇ ਜਗਜੀਤ ਸਿੰਘ, ਭਾਗ ਸਿੰਘ ਮੈਦਾਨ, ਸਰਪੰਚ ਮਨੀਸ਼ ਕੁਮਾਰ ਬਟਾਲਾ, ਸਾਬਕਾ ਸਰਪੰਚ ਗੁਰਜੰਟ ਸਿੰਘ, ਜੁਝਾਰ ਸਿੰਘ ਪੰਚ, ਲਾਡੀ ਪੰਚ ,ਸੋਮਨਾਥ, ਡਾਕਟਰ ਭਜਨ ਲਾਲ, ਦਾਰਾ ਸਿੰਘ ਟਿੱਬਾ ਟੱਪਰੀਆਂ, ਗੁਰਨਾਮ ਸਿੰਘ, ਜਸਵੰਤ ਸਿੰਘ, ਦੇਵਰਾਜ ,ਕਸ਼ਮੀਰ ਚੰਦ, ਅਤੇ ਹੋਰ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ

# ਸਤਿਗੁਰ ਓਟ ਆਸਰਾ ਟ੍ਰਸਟ ਵੱਲੋਂ ਨਗਰ ਕੀਰਤਨ ਦਾ ਕੀਤਾ ਗਿਆ ਭਰਵਾਂ ਸਵਾਗਤ

## ਬੱਚਿਆਂ ਲਈ ਜਲ ਅਤੇ ਕੇਲਿਆਂ ਦਾ ਲੰਗਰ ਲਗਾਇਆ

ਪੰਜਾਬ ਦਾ ਖੁਲਾਸਾ

**ਸ਼੍ਰੀ ਅਨੰਦਪੁਰ ਸਾਹਿਬ 21 ਨਵੰਬਰ (ਕੰਵਲ ਜੋਤ ਸਿੰਘ)** ਚੀਫ਼ ਖਾਲਸਾ ਦੀਵਾਨ ਵੱਲੋਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ 68ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਕਰਵਾਈ ਜਾ ਰਹੀ ਹੈ, ਜਿਸ ਦੀ ਅਰੰਭਤਾ ਖਾਲਸਾ ਕਾਲਜ ਸ਼੍ਰੀ ਅਨੰਦਪੁਰ ਸਾਹਿਬ ਤੋਂ ਅਰੰਭ ਹੋਏ ਵਿਸ਼ਾਲ ਨਗਰ ਕੀਰਤਨ ਨਾਲ ਹੋਈ, ਇਸ ਮੌਕੇ ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ਼੍ਰੀ ਅਨੰਦਪੁਰ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਅਰੰਭ ਹੋਇਆ ਜੋ ਪੜਾਅ ਦਰ ਪੜਾਅ ਹੁੰਦਾ ਹੋਇਆ ਖਾਲਸਾ ਸਕੂਲ ਵਿਖੇ ਸਮਾਪਤ ਹੋਇਆ, ਇਸ ਮੌਕੇ ਸਤਿਗੁਰ ਓਟ ਆਸਰਾ ਟ੍ਰਸਟ ਵੱਲੋਂ ਸੰਗਤਾਂ ਲਈ ਜਲ ਅਤੇ ਕੇਲਿਆਂ ਦਾ ਲੰਗਰ ਲਗਾਇਆ ਗਿਆ, ਜ਼ਿਕਰਯੋਗ ਹੈ ਇਸ ਨਗਰ ਕੀਰਤਨ ਦੌਰਾਨ 8000 ਤੋਂ ਵੱਧ ਬੱਚਿਆਂ ਨੇ ਸ਼ਿਰਕਤ ਕੀਤੀ, ਇਸ ਮੌਕੇ ਅਕਾਸ਼ਦੀਪ



ਸਿੰਘ ਚੱਠਾ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਭਾਗਾਂ ਵਾਲੇ ਸਮਝਦੇ ਹਨ ਜਿਨਾਂ ਨੂੰ ਸ਼੍ਰੀ ਅਨੰਦਪੁਰ ਸਾਹਿਬ ਵਰਗੀ ਮਹਾਨ ਪਵਿੱਤਰ ਧਰਤੀ ਤੇ ਰਹਿ ਕੇ ਸੇਵਾ ਕਰਨ ਦਾ ਮੌਕਾ ਮਿਲਿਆ, ਉਨਾਂ ਕਿਹਾ ਕਿ ਜਿੱਥੇ ਰੋਜ਼ਾਨਾ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦੀ ਰੌਣਕ ਲੱਗੀ ਰਹਿੰਦੀ ਹੈ ਉਥੇ ਅੱਜ ਦੇ ਵਿਸ਼ਾਲ ਨਗਰ ਕੀਰਤਨ ਵਿੱਚ ਮੌਜੂਦ ਹਜ਼ਾਰਾਂ ਸੰਗਤਾਂ ਨੇ ਸ਼ਹਿਰ ਦੀ ਰੌਣਕ ਵਧਾ ਦਿੱਤੀ, ਇਸ ਮੌਕੇ ਉਨਾਂ ਨਾਲ ਰਿੰਕੂ ਧੂੜੀਆ,ਹਰਤੇਗਬੀਰ ਸਿੰਘ ਤੇਗੀ, ਹਰਸ਼ਦੀਪ ਸਿੰਘ, ਮਨਿੰਦਰ ਸਿੰਘ ਚੱਠਾ, ਰਾਜਾ ਬੇਦੀ, ਬਿੱਟੂ ਸਿੰਘ ਵੀਡੀਓ, ਅਮਰ ਸੋਢੀ, ਮਨੀਤ ਸਿੰਘ ਤੇ ਹੋਰ ਹਾਜਰ ਸਨ

# ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬਿਜਲੀ ਰਹੇਗੀ ਬੰਦ

ਪੰਜਾਬ ਦਾ ਖੁਲਾਸਾ

**ਘਨੌਰ 21 ਨਵੰਬਰ (ਅਭਿਸ਼ੇਕ ਸੂਦ ਘਨੌਰ)** ਸਹਾਇਕ ਕਾਰਜਕਾਰੀ ਇੰਜੀਨੀਅਰ ਘਨੋਰ-। ਵੱਲੋ ਪਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਮਿਤੀ 23.11.2024 ਦਿਨ ਸਨੀਵਾਰ ਨੂੰ 66 ਕੇ ਵੀ ਗਰਿਡ ਲੋਹਸਿੰਬਲੀ ਵਿਖੇ 66 ਕੇ ਵੀ ਲਾਈਨ ਦੀ ਮੈਨਟੀਨੈਂਸ ਹੋਣ ਕਾਰਨ 11ਕੇ ਵੀ ਜਮੀਤਗੜ ਯੂ ਪੀ ਐਸ ਫੀਡਰ,11 ਕੇ ਵੀ ਸਮਸਪੁਰ ਯੂ ਪੀ ਐਸ ਫੀਡਰ,11 ਕੇ ਵੀ ਲੋਹਸਿੰਬਲੀ ਕੈਟਾਗਿਰੀ-1 ਫੀਡਰ, 11 ਕੇ ਵੀ ਰਾਮਪੁਰ ਏ ਪੀ ਫੀਡਰ, 11 ਕੇ ਵੀ ਨਰੈਣਗੜ ਏ ਪੀ ਫੀਡਰ,11 ਕੇ ਵੀ ਜੰਡਮੰਗੋਲੀ ਏ ਪੀ ਫੀਡਰ,11 ਕੇ ਵੀ ਦੜਵਾ ਏ ਪੀ ਫੀਡਰ ਦੀ ਬਿਜਲੀ ਸਪਲਾਈ ਸਮਾ ਸਵੇਰੇ 10 ਵਜੇ ਤੋ ਸਾਮ 4 ਵਜੇ ਤੱਕ ਬੰਦ ਰਹੇਗੀ ।

# ਇੰਪੀਰੀਅਲ ਇੰਟਰਨੈਸ਼ਨਲ ਸਕੂਲ ਫਾਰ ਐਕਸੀਲੈਂਸ, ਖੂਈਆਂ ਸਰਵਰ ਵਿਖੇ ਵਿਸ਼ਾਲ ਸਾਲਾਨਾ ਤਿਉਹਾਰ 'ਰੇਨਬੋ-2024' ਸਮਾਪਤ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 21 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਫ਼ਾਜ਼ਿਲਕਾ ਜ਼ਿਲ੍ਹੇ ਦੇ ਇੰਪੀਰੀਅਲ ਇੰਟਰਨੈਸ਼ਨਲ ਸਕੂਲ ਫਾਰ ਐਕਸੀਲੈਂਸ, ਖੂਈਆਂ ਸਰਵਰ ਵਿਖੇ 19 ਅਤੇ 20 ਨਵੰਬਰ ਨੂੰ 'ਰੇਨਬੋ-2024: ਨੇਚਰਿੰਗ ਡ੍ਰੀਮਜ਼' ਵਿਸ਼ੇ 'ਤੇ ਆਧਾਰਿਤ ਦੋ ਰੋਜ਼ਾ ਸਾਲਾਨਾ ਸਮਾਗਮ ਬੜੀ ਧੂਮ ਧਾਮ ਨਾਲ ਕਰਵਾਇਆ ਗਿਆ। ਮਰਹੂਮ ਵਪਾਰੀ ਸ਼੍ਰੀ ਜਗਦੀਸ਼ ਕੰਬੋਜ ਦੀ ਇਲਾਹੀ ਅਸ਼ੀਰਵਾਦ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਸਕੂਲ ਦੇ ਸਮੂਹ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਦੀਆਂ ਮਨਮੋਹਕ ਸੱਭਿਆਚਾਰਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਸਮਾਗਮ ਦੇ ਪਹਿਲੇ ਦਿਨ ਯੂਨੈਸਕੋ, ਸੀ.ਬੀ.ਐਸ.ਈ. ਅਤੇ ਮਗਸੀਪਾ ਦੇ ਰਿਸੋਰਸ ਪਰਸਨ ਅਤੇ ਸਿੱਖਿਆ ਸ਼ਾਸਤਰੀ ਡਾ: ਰਾਕੇਸ਼ ਸਹਿਗਲ ਅਤੇ ਉਨ੍ਹਾਂ ਦੀ ਪਤਨੀ ਅਤੇ ਡੀ.ਏ.ਵੀ. ਸਕੂਲ ਅਬੋਹਰ ਦੀ ਸਾਬਕਾ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਸਹਿਗਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਦੂਜੇ ਦਿਨ ਪ੍ਰੋਗਰਾਮ ਦੀ ਸੁੰਦਰਤਾ ਨੂੰ ਵਧਾਉਣ ਲਈ ਕਮਾਂਡੈਂਟ ਬੀ.ਐਸ.ਐਫ. ਅਬੋਹਰ ਸ਼੍ਰੀ ਸ਼ੈਲੇਂਦਰ ਕੁਮਾਰ ਮਿਸ਼ਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।



ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਵੱਲੋਂ ਦੀਪ ਜਗਾ ਕੇ ਕੀਤੀ ਗਈ ਅਤੇ ਬੱਚਿਆਂ ਵੱਲੋਂ ਗਣੇਸ਼ ਵੰਦਨਾ ਪੇਸ਼ ਕੀਤੀ ਗਈ। ਸਕੂਲ ਦੇ ਸਾਰੇ ਵਿਹੜੇ ਨੂੰ ਰੰਗ-ਬਿਰੰਗੇ ਸਜਾਵਟ ਨਾਲ ਸਜਾਇਆ ਗਿਆ ਸੀ, ਜਿਸ ਨਾਲ ਮੇਲੇ ਦਾ ਮਾਹੌਲ ਹੋਰ ਵੀ ਖ਼ੂਬਸੂਰਤ ਬਣ ਗਿਆ ਸੀ। ਵਿਦਿਆਰਥੀਆਂ ਨੇ ਸੱਭਿਆਚਾਰਕ ਸੋਲੋ ਅਤੇ ਗਰੁੱਪ ਡਾਂਸ ਅਤੇ ਸੰਗੀਤ, ਮਾਈਮ, ਕਵਾਲੀ, ਇੰਗਲਿਸ਼ ਪਲੇਅ, ਕਾਮੇਡੀ ਐਕਟ, ਚੇਅਰ ਡਾਂਸ, ਕਠਪੁਤਲੀ ਡਾਂਸ, ਗਿੱਧਾ, ਭੰਗੜਾ ਅਤੇ ਪੰਜਾਬ ਦੇ ਰਵਾਇਤੀ ਘੋੜੀ ਗੀਤਾਂ ਨਾਲ ਸਭ ਦਾ ਮਨ ਮੋਹ ਲਿਆ। ਨਾਟਕਾਂ ਰਾਹੀਂ ਵਿਦਿਆਰਥੀਆਂ ਨੇ ਵਾਤਾਵਰਨ ਦੀ ਸ਼ੁੱਧਤਾ ਅਤੇ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਵਰਗੇ ਗੰਭੀਰ ਸਮਾਜਿਕ ਮੁੱਦਿਆਂ 'ਤੇ ਜਾਗਰੂਕਤਾ ਫੈਲਾਈ। ਮੁੱਖ ਮਹਿਮਾਨਾਂ ਨੇ ਸਕੂਲ ਦੇ ਬਹੁਤ ਸਾਰੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ 100% ਸਕੂਲ ਹਾਜ਼ਰੀ ਲਈ, ਅਧਿਆਪਕ ਸ਼੍ਰੀ ਅੰਕੁਸ਼ ਬੈਨੀਵਾਲ, ਸ਼੍ਰੀਮਤੀ ਹਰਪਾਲ ਕੌਰ ਅਤੇ ਸ਼੍ਰੀਮਤੀ ਸ਼ਿਖਾ ਨੂੰ ਉਨ੍ਹਾਂ ਦੀ ਨਿਵੇਕਲੀ ਅਧਿਆਪਨ ਵਿਧੀ ਲਈ ਅਤੇ ਕਲਾਸਾਂ ਜੂਨੀਅਰ ਕੇ.ਜੀ., ਪਹਿਲੀ, ਚੌਥੀ ਅਤੇ ਅੱਠਵੀਂ ਜਮਾਤ ਲਈ ਸਨਮਾਨਿਤ ਵੀ ਕੀਤਾ। ਵਧੀਆ ਕਲਾਸ ਕੀਤਾ. ਜ਼ਿਕਰਯੋਗ ਹੈ ਕਿ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬ ਖੇਡ ਮੇਲਾ 2024 ਦੇ ਵੁਸ਼ੂ ਮੁਕਾਬਲੇ ਵਿੱਚ 1 ਸੋਨ ਅਤੇ 4 ਕਾਂਸੀ ਦੇ ਤਗਮੇ ਜਿੱਤੇ ਹਨ, ਜਿਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਡਾ: ਰਾਕੇਸ਼ ਸਹਿਗਲ ਨੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਮੋਬਾਈਲ ਫ਼ੋਨ ਦੀ ਗਲਤ ਵਰਤੋਂ ਨਾ ਕਰਨ ਅਤੇ ਆਪਣੀਆਂ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ । ਸ਼੍ਰੀਮਤੀ ਸੁਨੀਤਾ ਸਹਿਗਲ ਨੇ ਮਾਪਿਆਂ ਨੂੰ ਚੰਗੇ ਪਾਲਣ-ਪੋਸ਼ਣ ਸਬੰਧੀ ਸੁਝਾਅ ਦਿੱਤੇ। ਇਸ ਦੌਰਾਨ ਦੂਜੇ ਦਿਨ ਦੇ ਮੁੱਖ ਮਹਿਮਾਨ ਸ਼ੈਲੇਂਦਰ ਕੁਮਾਰ ਮਿਸ਼ਰਾ ਨੇ ਵਿਦਿਆਰਥੀਆਂ ਨੂੰ ਨਵੀਆਂ ਚੀਜ਼ਾਂ ਸਿੱਖਣ ਅਤੇ ਖੇਡਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਸਲਾਹ ਦਿੱਤੀ।

ਇਸ ਮੌਕੇ ਸਕੂਲ ਦੀ ਚੇਅਰ ਪਰਸਨ ਸ਼੍ਰੀਮਤੀ ਕੈਲਾਸ਼ ਰਾਣੀ, ਡਾਇਰੈਕਟਰ ਸੁਖਵਿੰਦਰ ਪਾਲ, ਪ੍ਰਿੰਸੀਪਲ ਸ਼੍ਰੀਮਤੀ ਨਵਨੀਤ ਦੇਵਗਨ ਅਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਸਮੇਤ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ। ਜਿਸ ਵਿੱਚ ਵਿਜ਼ਡਮ ਕਾਨਵੈਂਟ ਸਕੂਲ, ਫਾਜ਼ਿਲਕਾ ਦੇ ਡਾਇਰੈਕਟਰ ਸ਼੍ਰੀ ਪਰਮਜੀਤ ਸਿੰਘ ਵੈਰਾੜ, ਜੰਡਵਾਲਾ ਮੀਰਾ ਸੰਗਲਾ ਦੇ ਸਰਪੰਚ ਸ਼੍ਰੀ ਸੁਰਿੰਦਰ ਕੁਮਾਰ, ਖੂਈਆਂ ਸਰਵਰ ਤੋਂ ਬੀ.ਪੀ.ਈ.ਓ ਸ਼੍ਰੀ ਸਤੀਸ਼ ਮਿਗਲਾਨੀ, ਤੇਲੂਪੁਰਾ ਦੇ ਸਰਪੰਚ ਸ਼੍ਰੀ ਪ੍ਰੇਮ ਕੁਮਾਰ, ਖੂਈਆਂ ਸਰਵਰ ਦੇ ਸਰਪੰਚ ਸ਼੍ਰੀ ਸੁਸ਼ੀਲ ਕੁਮਾਰ ਨੇ ਸ਼ਿਰਕਤ ਕੀਤੀ। ਖੂਈਆਂ ਸਰਵਰ ਦੇ ਸਰਪੰਚ ਸਵਾਮੀ ਜੀ ਅਤੇ ਸ਼੍ਰੀ ਭੂਸ਼ਨ ਬਠਲਾ ਜੀ, ਬਕੈਣ ਵਾਲਾ ਦੇ ਸਰਪੰਚ ਸ਼੍ਰੀ ਹਰਜੀਤ ਸਿੰਘ ਜੀ, ਸ.ਢਾਣੀ ਦੇ ਸਰਪੰਚ ਹਰਚਰਨ ਸਿੰਘ, ਸ਼੍ਰੀ ਜਸਵੀਰ ਸਿੰਘ, ਦੀਵਾਨ ਖੇੜਾ ਦੇ ਸਰਪੰਚ ਸ਼੍ਰੀ ਸੁਨੀਲ ਕੁਮਾਰ ਅਤੇ ਹੋਰ ਪਤਵੰਤੇ ਸੱਜਣਾਂ ਨੇ ਆਪਣੀ ਹਾਜ਼ਰੀ ਲਗਵਾ ਕੇ ਪ੍ਰੋਗਰਾਮ ਨੂੰ ਨਿਹਾਲ ਕੀਤਾ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਡਾਇਰੈਕਟਰ ਸ਼੍ਰੀ ਸੁਖਵਿੰਦਰ ਪਾਲ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਸਕੂਲ ਪ੍ਰਬੰਧਕਾਂ, ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ।

# ਸ਼੍ਰੀ ਅਨੰਦਪੁਰ ਸਾਹਿਬ ਵਿਖੇ 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਦੀ ਹੋਈ ਸ਼ੁਰੂਆਤ

ਪੰਜਾਬ ਦਾ ਖੁਲਾਸਾ

**ਸ਼੍ਰੀ ਅਨੰਦਪੁਰ ਸਾਹਿਬ 21 ਨਵੰਬਰ (ਕੰਵਲ ਜੋਤ ਸਿੰਘ)** ਪੰਜਾਬੀ ਭਾਸ਼ਾ ਨੂੰ ਸਮਰਪਿਤ 68ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫ਼ਰੰਸ ਮੌਕੇ ਅੱਜ ਸਵੇਰੇ ਐਸ.ਜੀ.ਐਸ ਖ਼ਾਲਸਾ ਸੀ.ਸੈ.ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਵਿਸ਼ਾਲ ਨਗਰ-ਕੀਰਤਨ ਸਜਾਏ ਗਏ। ਇਹ ਨਗਰ-ਕੀਰਤਨ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਤੋ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋ ਕੇ ਪੰਜ-ਪਿਆਰਾ ਪਾਰਕ



## ਹਜ਼ਾਰਾਂ ਦੀ ਗਿਣਤੀ 'ਚ ਸਕੂਲੀ ਬੱਚਿਆਂ ਨੇ ਨਗਰ ਕੀਰਤਨ ਵਿੱਚ ਕੀਤੀ ਸ਼ਿਰਕਤ

ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਤੋ ਹੁੰਦਾ ਹੋਇਆ ਕਾਨਫ਼ਰੰਸ ਦੇ ਅਸਥਾਨ ਐਸ.ਜੀ.ਐਸ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਿਤ ਹੋਇਆ। ਇਸ ਵਿਸ਼ਾਲ ਨਗਰ-ਕੀਰਤਨ ਦੀ ਸੁੰਦਰਤਾ ਅਤੇ ਅਨੁਸ਼ਾਸਨ ਦੀ ਤਸਵੀਰ ਮੂੰਹੋ ਬੋਲਦੀ ਨਜ਼ਰ ਆ ਰਹੀ ਸੀ। ਪੰਜ ਪਿਆਰਿਆਂ ਦੀ ਅਗਵਾਈ ਵਿਚ ਚੱਲ ਰਹੇ ਨਗਰ-ਕੀਰਤਨ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਅਦਾਰਿਆਂ ਵਿਚ ਪੜ੍ਹਦੇ ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀ ਸ਼ਾਮਲ ਸਨ। ਜਿੰਨਾਂ ਦੇ ਹੱਥਾਂ ਵਿਚ ਫੜੇ ਹੋਏ ਪੋਸਟਰ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਇਹਨਾਂ ਪੋਸਟਰਾਂ ਉੱਪਰ ਪੰਜਾਬੀ ਭਾਸ਼ਾ ਅਤੇ ਸਿੱਖੀ ਦੇ ਸਤਿਕਾਰ ਵਿਚ ਬਹੁਤ ਸੋਹਣੀਆਂ ਸਤਰਾਂ ਲਿਖੀਆਂ ਹੋਈਆਂ ਸਨ।

ਵੱਖੋ-ਵੱਖਰੇ ਸਕੂਲਾਂ ਦੀਆਂ ਬੈਂਡ ਟੀਮਾਂ ਅਤੇ ਗਤਕਾਂ ਨਗਰ-ਕੀਰਤਨ ਵਿਚ ਵੱਖਰੇ ਜਲੌਅ ਨੂੰ ਪੇਸ਼ ਕਰ ਰਹੀਆਂ ਸਨ। ਸ਼ੁਰੂ ਤੋਂ ਅੰਤ ਤੱਕ ਵਿਦਿਆਰਥੀਆਂ ਵੱਲੋਂ ਬਹੁਤ ਹੀ ਜੋਸ਼ ਨਾਲ ਗੁਰਬਾਣੀ ਸ਼ਬਦ ਪੜ੍ਹੇ ਗਏ। ਸੰਗਤਾਂ ਲਈ ਚਾਹ-ਪਕੌੜੇ ਅਤੇ ਦਾਲ-ਪ੍ਰਸ਼ਾਦੇ ਦਾ ਲੰਗਰ ਅਤੁੱਟ ਵਰਤਿਆ ਗਿਆ। ਨਗਰ-ਕੀਰਤਨ ਦੀ ਸਮਾਪਤੀ ਉਪਰੰਤ ਐਸ.ਜੀ.ਐਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੁਸਤਕ ਪ੍ਰਦਰਸ਼ਨੀ, ਵਾਤਾਵਰਣ, ਤੰਤੀ ਸਾਜ਼ਾਂ, ਸਿੱਖ ਵਿਰਸਾ ਨਾਲ ਸੰਬੰਧਤ ਨੁਮਾਇਸ਼ਾਂ ਦਾ ਉਦਘਾਟਨ ਕੀਤਾ ਗਿਆ।ਸਕੂਲ ਦੀ ਗਰਾਊਂਡ ਵਿਚ ਵਿਸ਼ਾਲ ਪੰਡਾਲ ਅੰਦਰ ਕੀਰਤਨ ਦਰਬਾਰ ਸਜਾਏ ਗਏ। ਕੀਰਤਨ ਦਰਬਾਰ ਦੌਰਾਨ ਹਜ਼ੂਰੀ ਰਾਗੀਂ ਭਾਈ ਹਰਜੋਤ ਸਿੰਘ ਜੀ ਜਖਮੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਬਲਵਿੰਦਰ ਸਿੰਘ ਜੀ ਰੰਗੀਲਾ ਅਤੇ ਬੀਬੀ ਪ੍ਰਭਜੋਤ ਕੌਰ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੀ.ਟੀ.ਰੋਡ ਵੱਲੋਂ ਰੂਹਾਨੀ ਸ਼ਬਦ ਗਾਇਨ ਕੀਤਾ ਗਿਆ।

ਇਸ ਮੌਕੇ ਨਗਰ-ਕੀਰਤਨ ਵਿਚ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ.ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਸ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ.ਕੁਲਜੀਤ ਸਿੰਘ ਸਾਹਨੀ, ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ.ਅਮਰਜੀਤ ਸਿੰਘ ਦੂਆ, ਐਡੀ.ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਮਨਮੋਹਨ ਸਿੰਘ, ਐਡੀ.ਆਨਰੇਰੀ ਸਕੱਤਰ ਸ.ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਸ.ਜਸਪਾਲ ਸਿੰਘ ਢਿੱਲੋਂ, ਸਕੂਲ ਮੈਂਬਰ ਇੰਚਾਰਜ ਐਸ.ਜੀ.ਐਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸ.ਇੰਦਰਜੀਤ ਸਿੰਘ, ਰਿਟਾ:ਪ੍ਰਿੰਸੀਪਲ ਡਾ.ਪ੍ਰਭਜੋਤ ਕੌਰ, ਸ.ਪਾਖਰ ਸਿੰਘ, ਸ.ਕੁਲਦੀਪ ਸਿੰਘ ਨੰਬਰਦਾਰ, ਸ.ਗੁਰਮਿੰਦਰ ਸਿੰਘ ਭੁੱਲਰ, ਸ.ਮਹਿੰਦਰ ਸਿੰਘ ਵਾਲੀਆ, ਮੈਂਬਰ ਚੀਫ਼ ਖ਼ਾਲਸਾ ਦੀਵਾਨ ਸ.ਸਰਜੋਤ ਸਿੰਘ ਸਾਹਨੀ ਚੰਡੀਗੜ੍ਹ, ਸ.ਟੀ.ਪੀ.ਸਿੰਘ, ਡਾ.ਪ੍ਰਮਜੀਤ ਸਿੰਘ, ਸ.ਮਨਪ੍ਰੀਤ ਸਿੰਘ ਲੁਧਿਆਣਾ, ਸ.ਤਰਲੋਚਨ ਸਿੰਘ, ਸ.ਰਬਿੰਦਰਬੀਰ ਸਿੰਘ ਭੱਲਾ, ਸ.ਹਰਮਨਜੀਤ ਸਿੰਘ, ਸ.ਮਨਮੋਹਨ ਸਿੰਘ, ਸ.ਏ.ਪੀ.ਐਸ.ਮਾਨ, ਸ.ਟੀ.ਪੀ.ਸਿੰਘ, ਸ.ਗੁਰਪ੍ਰੀਤ ਸਿੰਘ ਸੇਠੀ, ਪ੍ਰੋ.ਸੂਬਾ ਸਿੰਘ, ਡਾ.ਆਤਮਜੀਤ ਸਿੰਘ ਬਸਰਾ, ਸ.ਹਰਿੰਦਰਪਾਲ ਸਿੰਘ ਸੇਠੀ, ਸ.ਜਤਿੰਦਰਬੀਰ ਸਿੰਘ, ਸ.ਅਮਰਦੀਪ ਸਿੰਘ ਰਾਜੇਵਾਲ, ਸ.ਨਵਤੇਜ ਸਿੰਘ ਨਾਰੰਗ, ਸ.ਜਗਦੀਪ ਸਿੰਘ ਵਾਲੀਆ, ਸ.ਗੁਰਭੇਜ ਸਿੰਘ, ਸ.ਰਵਿੰਦਰ ਸਿੰਘ ਤਰਨਤਾਰਨ, ਸ.ਕਮਲਜੀਤ ਸਿੰਘ, ਸ.ਵਰਿੰਦਰਪਾਲ ਸਿੰਘ ਕੋਚਰ, ਸ.ਇਕਬਾਲ ਸਿੰਘ ਸੇਰੀ, ਸ.ਸਰਜੋਤ ਸਿੰਘ ਸਾਹਨੀ, ਸ.ਰਜਿੰਦਰ ਸਿੰਘ ਮਰਵਾਹਾ, ਸ.ਹਰਿੰਦਰ ਸਿੰਘ ਖਾਲਸਾ, ਸ.ਹਰਪ੍ਰੀਤ ਸਿੰਘ, ਸ.ਹਰਜੀਤ ਸਿੰਘ ਸੱਚਦੇਵਾ, ਸ.ਸਵਰਾਜ ਸਿੰਘ ਸ਼ਾਮ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ.ਚਾਵਲਾ, ਪ੍ਰਿੰਸੀਪਲ ਡਾ.ਜਸਵੀਰ ਸਿੰਘ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਸਮੇਤ ਸਮੂਹ ਸੰਸਥਾ ਦੇ ਪ੍ਰਿੰਸੀਪਲ ਸਾਹਿਬਾਨ, ਸਟਾਫ ਅਤੇ ਵਿਦਿਆਰਥੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਅੰਤਰ ਰਾਸ਼ਟਰੀ ਸਾਹਿਤਕ ਸੱਥ ਚੰਡੀਗੜ੍ਹ ਵੱਲੋਂ 30 ਨਵੰਬਰ ਨੂੰ ਕੀਤੀ ਜਾਵੇਗੀ ਵਿਰਸੇ ਦੇ ਰਾਗ ਪੁਸਤਕ ਰਿਲੀਜ਼

ਪੰਜਾਬ ਦਾ ਖੁਲਾਸਾ

**ਸ਼੍ਰੀ ਮੁਕਤਸਰ ਸਾਹਿਬ, 21 ਨਵੰਬਰ ( ਮਨਪ੍ਰੀਤ ਮੋਨੂੰ )** ਅੰਤਰਰਾਸ਼ਟਰੀ ਸਾਹਿਤਿਕ ਸੱਥ ਚੰਡੀਗੜ੍ਹ ਦੇ ਪ੍ਰਧਾਨ ਰਾਜਵਿੰਦਰ ਸਿੰਘ ਗੱਡੂ ਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਸਵ:ਕਿਰਨ ਬੇਦੀ ਜੀ ਦੀ ਯਾਦ ਵਿੱਚ ਅਤੇ ਪੰਜਾਬੀ ਮਾਂ ਬੋਲੀ ਦੀ ਪ੍ਰਸਾਰਤਾ ਅਤੇ ਪ੍ਰਫੁੱਲਤਾ ਲਈ ਰਾਜ ਪੱਧਰੀ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਸੈਕਟਰ 40 ਏ ਦੇ ਕਮਿਊਨਿਟੀ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ। ਜਿੱਥੇ ਸਮੁੱਚੇ ਪੰਜਾਬ ਅਤੇ ਚੰਡੀਗੜ੍ਹ ਵਿੱਚੋਂ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਕਵੀ ਅਤੇ ਸਾਹਿਤਕਾਰ ਸਾਹਿਬਾਨ ਪਹੁੰਚ ਰਹੇ ਹਨ ਜਿਨ੍ਹਾਂ ਵਿਚ ਮਨਪ੍ਰੀਤ ਕੌਰ ਸੰਧੂ, ਚਮਕੌਰ ਸਿੰਘ ਸੰਧੂ ਮੁੰਬਈ, ਜਸਵਿੰਦਰ ਸਿੰਘ ਕਾਈਨੌਰ, ਮਨਜੀਤ ਕੌਰ ਗਿੱਲ ਜੰਡਾ, ਗੁਰਬਖ਼ਸ਼ ਰਾਵਤ, ਨਿੱਕੀ ਪਾਸੀ, ਦਲਜੀਤ ਕੌਰ ਬਾਠ, ਜਸਪਾਲ ਸਿੰਘ ਕੇਵਲ, ਰਜਿੰਦਰ ਸਿੰਘ ਧੀਮਾਨ, ਗੁਰਦਾਸ ਸਿੰਘ ਪੰਜੌਰ, ਪਿਆਰਾ ਸਿੰਘ ਰਾਹੀ, ਤਰਸੇਮ ਸਿੰਘ ਕਾਲੀ ਮਾਜਰਾ, ਰਜਿੰਦਰ ਰੇਨੂ, ਭੁਪਿੰਦਰ ਸਿੰਘ ਭਾਗੋ ਮਾਜਰਾ, ਕਮਲਜੀਤ ਕੌਰ, ਗੁਰਦੀਪ ਦਾਨੀ, ਗੁਰਭੈ




ਸਿੰਘ, ਪਵਨ ਪੰਜਾਬੀ, ਸਮਿੱਤਰ ਸਿੰਘ, ਜਸਵੀਰ ਸ਼ਰਮਾ ਦੱਦਾਹੂਰ, ਅਮਨ ਢਿੱਲੋਂ ਕਸੇਲ, ਹਰਜੀਤ ਕੌਰ ਵੜੈਚ, ਨੀਲਮ ਨਾਰੰਗ, ਗੁਰਸ਼ਰਨ ਸਿੰਘ ਕਾਕਾ, ਬਾਬੂ ਰਾਮ ਟਿਵਾਣਾ, ਜਗਤਾਰ ਭਾਈ ਰੂਪਾ, ਡਾਕਟਰ ਦਵਿੰਦਰ ਕੌਰ ਖੁਸ਼, ਧਾਲੀਵਾਲ, ਦੀਪ ਲੁਧਿਆਣਵੀ, ਦਵਿੰਦਰ ਸਿੰਘ ਬੋਹਾ, ਗੁਰਜੀਤ ਮੋਹਾਲੀ, ਦੀਪਕ ਸ਼ਰਮਾ ਚਨਾਰਥਲ, ਡਾਕਟਰ ਸਨੀਤ ਮੈਦਾਨ, ਖੁਸ਼ੀ ਰਾਮ ਨਿਮਾਣਾ, ਜਸਵਿੰਦਰ ਕੌਰ ਜੱਸੀ, ਨਰਿੰਦਰ ਕੌਰ ਲੌਂਗੀਆ, ਪ੍ਰਤਾਪ ਗੁਰਦਾਸਪੁਰੀ, ਮਨਮੋਹਨ ਸਿੰਘ ਨਾਭਾ, ਰਮਨਦੀਪ ਕੌਰ ਰਮਨੀਕ, ਹਰਦੇਵ ਭੁੱਲਰ, ਕਰਮਜੀਤ ਸਿੰਘ ਬੱਗਾ, ਬਲਵਿੰਦਰ ਢਿੱਲੋਂ, ਸੰਧੇ ਸੁਖਬੀਰ, ਬਰਿਜ ਭੂਸ਼ਨ ਸ਼ਰਮਾ, ਜਗਦੇਵ ਜੰਡਿਆਲਾ, ਗੁਰਤੇਜ ਖੁਡਾਲ, ਨਿਰਮਲ ਅਧਰੇੜਾ, ਚਰਨਜੀਤ ਕਲੇਰ, ਮੋਹਨ ਸਿੰਘ ਪ੍ਰੀਤ, ਇੰਦਰ ਕੌਰ ਵਡਾਲਾ, ਅਤੇ ਇਲਾਨਾ ਧੀਮਾਨ ਪਹੁੰਚ ਰਹੇ ਹਨ ਜੋ ਆਪੋ ਆਪਣੇ ਵਿਚਾਰ ਅਤੇ ਰਚਨਾਵਾਂ ਦੀ ਪੇਸ਼ਕਾਰੀ ਕਰਨਗੇ ਉੱਥੇ ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਸ਼੍ਰੀ ਮੁਕਤਸਰ ਸਾਹਿਬ ਵਾਲਿਆਂ ਦੀ ਵਿਰਸੇ ਦੇ ਰਾਗ ਕਾਵਿ ਸੰਗ੍ਰਹਿ ਪੁਸਤਕ ਵੀ ਰਿਲੀਜ਼ ਕੀਤੀ ਜਾਵੇਗੀ।ਇਸ ਤੋਂ ਪਹਿਲਾਂ ਵੀ ਇਨ੍ਹਾਂ ਦੀਆਂ ਵਿਰਸੇ ਪ੍ਰਤੀ ਛੇ ਪੁਸਤਕਾਂ ਆ ਚੁੱਕੀਆਂ ਹਨ। ਇਹ ਜਾਣਕਾਰੀ ਪ੍ਰੈਸ ਨਾਲ ਇਸ ਸੰਸਥਾ ਦੇ ਪ੍ਰਧਾਨ ਰਾਜਵਿੰਦਰ ਸਿੰਘ ਗੱਡੂ ਰਾਜ ਪ੍ਰਧਾਨ ਨੇ ਸਾਂਝੀ ਕੀਤੀ ।

# ਯੂਨੀਵਰਸਿਟੀ ਕਾਲਜ ਦੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਦਾ ਐਮ. ਏ. ਫ਼ਾਈਨਲ ਸਮੈਸਟਰ ਦਾ ਨਤੀਜਾ ਸ਼ਾਨਦਾਰ

ਪੰਜਾਬ ਦਾ ਖੁਲਾਸਾ

**ਜੈਤੋ,21 ਨਵੰਬਰ (ਰਘੂਨੰਦਨ ਪਰਾਸ਼ਰ )**:ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਾਂਸਟੀਚੂਐਂਟ ਸੰਸਥਾ, ਯੂਨੀਵਰਸਿਟੀ ਕਾਲਜ ਜੈਤੋ ਦੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੇ ਐਮ. ਏ. (ਪੰਜਾਬੀ) ਫ਼ਾਈਨਲ ਸਮੈਸਟਰ ਦੇ ਨਤੀਜੇ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ। ਕਾਲਜ ਦੇ ਸੀਨੀਅਰ ਮੋਸਟ ਪ੍ਰੋਫ਼ੈਸਰ ਅਤੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਤੱਗੜ ਨੇ ਬੜੇ ਫ਼ਖ਼ਰ ਨਾਲ ਦੱਸਿਆ ਕਿ ਹਮੇਸ਼ਾਂ ਦੀ ਤਰ੍ਹਾਂ ਉਨ੍ਹਾਂ ਦੇ ਵਿਭਾਗ ਦੇ ਪੋਸਟ ਗ੍ਰੈਜੂਏਸ਼ਨ ਦੇ ਵਿਦਿਆਰਥੀਆਂ ਨੇ ਇਸ ਵਾਰ ਵੀ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਕੀਤਾ ਹੈ ਜਿਸ ਦਾ ਸਿਹਰਾ ਉਹ ਆਪਣੇ ਵਿਭਾਗ ਦੇ ਪ੍ਰਾਧਿਆਪਕਾਂ ਦੇ ਸੁਯੋਗ ਅਧਿਆਪਨ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਸਿਰ ਬੰਨ੍ਹਦੇ ਹਨ। ਕਾਲਜ ਦੇ ਇੰਚਾਰਜ ਡਾ. ਸੁਭਾਸ਼ ਚੰਦਰ ਅਤੇ ਸੀਨੀਅਰ ਫ਼ੈਕਲਟੀ ਮੈਂਬਰਜ਼ ਪ੍ਰੋ. ਸ਼ਿਲਪਾ ਕਾਂਸਲ ਤੇ ਡਾ. ਸਮਰਾਟ ਖੰਨਾ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ ਨੂੰ ਸ਼ਾਬਾਸ਼ ਅਤੇ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਤੱਗੜ ਸਮੇਤ ਵਿਭਾਗ ਦੇ ਪ੍ਰੋਫ਼ੈਸਰ ਸਹਿਬਾਨ ਪ੍ਰੋ. ਰੁਪਿੰਦਰਪਾਲ ਸਿੰਘ ਧਰਮਸੋਤ, ਡਾ. ਗੁਰਬਿੰਦਰ ਕੌਰ ਬਰਾੜ, ਡਾ. ਲਖਵਿੰਦਰ ਸਿੰਘ ਬਰਾੜ, ਡਾ. ਜਗਸੀਰ ਸਿੰਘ ਗਿੱਲ, ਡਾ. ਜਸਵਿੰਦਰ ਕੌਰ ਵੜਿੰਗ ਅਤੇ ਡਾ. ਹਲਵਿੰਦਰ ਸਿੰਘ ਘੁਬਾਇਆ ਨੂੰ ਹਾਰਦਿਕ ਵਧਾਈ ਦਿੱਤੀ। ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ ਵਾਲੇ ਇਨ੍ਹਾਂ ਵਿਦਿਆਰਥੀਆਂ ਵਿਚ ਲਵਪ੍ਰੀਤ ਕੌਰ ਅਤੇ ਰਵਿੰਦਰ ਸਿੰਘ ਨੇ 9.0 ਐਸ. ਜੀ. ਪੀ.ਏ. ਗ੍ਰੇਡ ਅੰਕ ਲੈ ਕੇ ਪ੍ਰਥਮ ਸਥਾਨ ਹਾਸਲ ਕੀਤਾ ਹੈ। ਜਗਪ੍ਰੀਤ



ਸਿੰਘ ਨੇ 8.80, ਮਨਪ੍ਰੀਤ ਕੌਰ, ਬੌਬੀ ਤੇ ਗਗਨਪ੍ਰੀਤ ਸਿੰਘ ਨੇ 8.40, ਯਮੁਨਾ ਨੇ 8.20, ਨਵਜੋਤ ਕੌਰ ਤੇ ਹਰਪ੍ਰੀਤ ਸਿੰਘ ਨੇ 8.0, ਸਿਮਰਨ ਤੇ ਇਕਬਾਲ ਸਿੰਘ ਨੇ 7.80, ਸੀਮਾ ਨੇ 7.20 ਅਤੇ ਸ਼ਾਲੂ ਨੇ 6.80 ਫ਼ੀਸਦੀ ਗ੍ਰੇਡ ਅੰਕ ਲੈ ਕੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ। ਵਰਨਣਯੋਗ ਹੈ ਕਿ ਐਮ. ਏ. ਫ਼ਾਈਨਲ ਸਮੈਸਟਰ ਦੇ ਇਸ ਨਤੀਜੇ ਵਿਚ ਅਪੀਅਰ ਹੋਏ 20 ਵਿਦਿਆਰਥੀਆਂ ਵਿਚੋਂ 12 ਵਿਦਿਆਰਥੀਆਂ ਨੇ ਫ਼ਸਟ ਡਿਵੀਜ਼ਨ ਵਿਚ ਡਿਗਰੀ ਮੁਕੰਮਲ ਕੀਤੀ ਹੈ। ਜਿਨ੍ਹਾਂ ਵਿਚੋਂ 9 ਵਿਦਿਆਰਥੀਆਂ ਨੇ ਫ਼ਸਟ ਡਿਵੀਜ਼ਨ ਦੇ ਨਾਲ ਵਿਦ-ਡਿਸਟਿੰਕਸ਼ਨ ਦਰਜੇ ਸਹਿਤ ਡਿਗਰੀ ਮੁਕੰਮਲ ਕੀਤੀ ਹੈ।

# ਸੁਪਰੀਮ ਕੋਰਟ ਵੱਲੋਂ ਪੰਜਾਬ ਦੀਆਂ ਪੰਚਾਇਤੀ ਚੋਣਾਂ 'ਤੇ ਟਿੱਪਣੀ ਕਰਨਾ ਪੰਚਾਇਤੀ ਚੋਣਾਂ ਦੀ ਨਿਰਪੱਖਤਾ 'ਤੇ ਵੱਡਾ ਸਵਾਲ - ਸਿਆਗ

## ਪੰਜਾਬ ਵਿੱਚ ਪੰਚਾਇਤੀ ਚੋਣਾਂ ਪੱਛਮੀ ਬੰਗਾਲ ਦੀ ਤਰ੍ਹਾਂ ਪੱਖਪਾਤੀ ਤੇ ਸੱਤਾ ਦੀ ਸਰਪ੍ਰਸਤੀ ਹੇਠ ਹੋਈਆਂ ਸਿਆਗ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 21 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਪੰਜਾਬ ਵਿੱਚ ਥੋੜ੍ਹਾ ਸਮਾਂ ਪਹਿਲਾਂ ਹੀ ਹੋਈਆਂ ਪੰਚਾਇਤੀ ਚੋਣਾਂ ਸਬੰਧੀ ਵੱਡੀ ਗਿਣਤੀ ਵਿੱਚ ਦਾਇਰ ਹੋਈਆਂ ਪੰਚਾਇਤ ਚੋਣ ਰਿੱਟ ਪਟੀਸ਼ਨਾਂ 'ਤੇ ਮਾਣਯੋਗ ਸੁਪਰੀਮ ਕੋਰਟ ਨੇ ਪੰਚਾਇਤੀ ਚੋਣਾਂ ਦੀ ਨਿਰਪੱਖਤਾ 'ਤੇ ਵੱਡਾ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ 13000 ਪੰਚਾਇਤਾਂ ਵਿੱਚੋਂ ਇੰਨੀ ਵੱਡੀ ਗਿਣਤੀ ਵਿੱਚ ਤਿੰਨ ਹਜਾਰ ਸਰਪੰਚ ਨਿਰਵਿਰੋਧ ਕਿਵੇਂ ਚੁਣੇ ਗਏ ? ਜਾਣਕਾਰੀ ਦਿੰਦਿਆਂ ਭਾਜਪਾ ਦੇ ਖੂਈਆਂ ਸਰਵਰ ਮੰਡਲ ਦੇ ਇੰਚਾਰਜ ਐਡਵੋਕੇਟ ਸੁਸ਼ੀਲ ਸਿਆਗ ਢੀਂਗਾ ਵਾਲੀ ਨੇ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ ਸਾਡੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਹੈ ਅਤੇ ਸੁਪਰੀਮ ਕੋਰਟ ਦੀ ਇਹ ਟਿੱਪਣੀ ਸਾਬਤ ਕਰਦੀ ਹੈ ਕਿ ਪੰਜਾਬ ਵਿੱਚ ਪੰਚਾਇਤੀ ਚੋਣਾਂ ਨਿਰਪੱਖ ਢੰਗ ਨਾਲ ਨਹੀਂ ਕਰਵਾਈਆਂ ਗਈਆਂ।ਜਿਸ ਦੀ ਲਗਾਤਾਰ ਆਲੋਚਨਾ ਹੋ ਰਹੀ ਹੈ। ਪੰਚਾਇਤੀ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਅਦਾਲਤਾਂ 'ਚ ਸ਼ਿਕਾਇਤਾਂ ਦਾਇਰ ਕੀਤੀਆਂ ਜਾ ਰਹੀਆਂ ਹਨ।ਸਿਆਗ ਨੇ ਮਾਨਯੋਗ ਸੁਪਰੀਮ ਕੋਰਟ ਦੀ ਟਿੱਪਣੀ ਦਾ ਸਵਾਗਤ ਕਰਦਿਆਂ ਕਿਹਾ ਕਿ ਅਦਾਲਤ ਨੂੰ ਲੋਕਰਾਜ ਦਾ ਤੀਜਾ ਥੰਮ੍ਹ ਮੰਨਿਆ ਜਾਂਦਾ ਹੈ ਅਤੇ ਪੰਚਾਇਤੀ ਚੋਣਾਂ ਵਿਚ ਸੱਤਾਧਾਰੀ ਧਿਰ ਵੱਲੋਂ ਕੀਤੀ ਧਕਕੇਸ਼ਹੀ ਉੱਤੇ ਚਿੰਤਾ ਪ੍ਰਗਟ ਕਰਨੀ ਸੁਭਾਵਿਕ ਹੈ।ਸੱਤਾਧਿਰ ਵਲੋਂ ਪੰਚਾਇਤ ਚੋਣਾਂ ਵਿੱਚ ਖੁੱਲ੍ਹੀ ਦਖਲਅੰਦਾਜ਼ੀ ਕੀਤੀ ਗਈ ਜਿਸ ਤਰ੍ਹਾਂ ਵਿਰੋਧੀ ਸਰਪੰਚ ਉਮੀਦਵਾਰਾਂ ਦੀਆਂ ਨਾਮ ਜ਼ਦਗੀਆਂ ਰੱਦ ਕਰਵਾਉਣੀ, ਵੋਟਰਾਂ ਨੂੰ ਪ੍ਰਭਾਵਿਤ ਕਰਨਾ, ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਵੋਟਿੰਗ ਦਾ ਸਮਾਂ ਇੱਕ ਘੰਟਾ ਘਟਾ ਕੇ ਸ਼ਾਮ 5 ਵਜੇ ਤੋਂ 4 ਵਜੇ ਤੱਕ ਕਰਨਾ। ਇੱਥੇ ਹੀ ਬਸ ਨਹੀਂ,ਅਜਿਹਾ ਵੀ ਪਹਿਲੀ ਵਾਰ ਹੋਇਆ ਜਦੋਂ ਸਾਰੀ ਰਾਤ ਵੋਟਾਂ ਦੀ ਗਿਣਤੀ ਬਹੁਤ ਹੀ



ਮੱਠੀ ਰਫ਼ਤਾਰ ਨਾਲ ਚੱਲਦੀ ਰਹੀ ਅਤੇ ਗਿਣਤੀ ਕਰ ਰਹੇ ਪ੍ਰੀਜ਼ਾਈਡਿੰਗ ਅਫ਼ਸਰਾਂ ਨੇ ਰਾਤ ਭਰ ਸੱਤਾਧਾਰੀਆਂ ਦੇ ਫ਼ੋਨ ਵੀ ਸੁਣਦੇ ਰਹੇ।ਸਿਆਗ ਨੇ ਦੋਸ਼ ਲਾਇਆ ਕਿ ਡੇਢ ਘੰਟੇ ਪਹਿਲਾਂ ਹੀ ਸੱਤਾਧਾਰੀ ਸਰਪੰਚ ਉਮੀਦਵਾਰਾਂ ਨੂੰ ਵਟਸਐਪ ਰਾਹੀਂ ਜਿੱਤ ਦੀ ਖ਼ਬਰ ਦਿੱਤੀ ਗਈ ਅਤੇ ਉਨ੍ਹਾਂ ਨੇ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ ਸੀ।ਸਿਆਗ ਨੇ ਕਿਹਾ ਕਿ ਜਦੋਂ ਸਾਰਾ ਕੁਝ ਪਹਿਲਾਂ ਹੀ ਤੈਅ ਹੋ ਚੁੱਕਾ ਸੀ ਤਾਂ ਫਿਰ ਚੋਣ ਦਾ ਡਰਾਮਾ ਕਰਨ ਦੀ ਕੀ ਲੋੜ ਸੀ,ਸਰਕਾਰ ਅਪਣੇ ਵਰਕਰਾਂ ਨੂੰ ਨਾਮਜ਼ਦ ਹੀ ਕਰ ਦਿੰਦੀ।ਇਹ ਸਭ ਨਿਰਪੱਖ ਪੰਚਾਇਤੀ ਚੋਣਾਂ ਅਤੇ ਲੋਕਤੰਤਰ ਦਾ ਕਤਲ ਹੈ, ਪਰ ਸੱਤਾ ਦੇ ਦਬਾਅ ਹੇਠ ਕਿਸੇ ਦੀ ਗੱਲ ਨਹੀਂ ਸੁਣੀ ਗਈ।ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਕਾਰਨ ਪੰਜਾਬ ਵਿੱਚ ਪੰਚਾਇਤੀ ਚੋਣਾਂ ਦੀ ਸ਼ੁਰੂਆਤੀ ਪ੍ਰਕਿਰਿਆ ਸ਼ੱਕ ਦੇ ਘੇਰੇ ਵਿੱਚ ਰਹੀ, ਜਿੱਥੇ ਨਾਮਜ਼ਦਗੀਆਂ ਦਾਖ਼ਲ ਕਰਨ ਲਈ ਬਹੁਤ ਘੱਟ ਸਮਾਂ ਦਿੱਤਾ ਗਿਆ, ਉੱਥੇ ਹੀ ਤਿੰਨ ਸਰਕਾਰੀ ਛੁੱਟੀਆਂ ਵੀ ਹੋਣ ਕਾਰਨ ਉਮੀਦਵਾਰਾਂ ਨੂੰ ਇਤਰਾਜਯੋਗ ਸਰਟੀਫਿਕੇਟ ਨਾ ਮਿਲਣ ਕਾਰਨ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।ਸਿਆਗ ਨੇ ਮੰਗ ਕੀਤੀ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਹੋਇਆਂ ਪੰਚਾਇਤੀ ਚੋਣਾਂ ਦੀ ਕੇਂਦਰੀ ਏਜੰਸੀ ਤੋਂ ਜਾਂਚ ਹੋਣੀ ਚਾਹੀਦੀ ਹੈ।ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ.ਭਗਵਤ ਸਿੰਘ ਮਾਨ ਨੇ ਵਿਧਾਨ ਸਭਾ ਵਿੱਚ ਪੰਜਾਬੀਆਂ ਨੂੰ ਭਰੋਸਾ ਦਿੱਤਾ ਸੀ ਕਿ ਸਰਪੰਚ ਪਿੰਡ ਦਾ ਹੀ ਹੋਵੇਗਾ ਕਿਸੇ ਪਾਰਟੀ ਨਾਲ ਸਬੰਧਤ ਨਹੀਂ ਅਤੇ ਨਾ ਹੀ ਪੰਚਾਇਤੀ ਚੋਣਾਂ ਕਿਸੇ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀਆਂ ਜਾਣਗੀਆਂ, ਜਿਸ ਲਈ ਵਿਧਾਨ ਸਭਾ ਵਿੱਚ ਇੱਕ ਐਕਟ ਵੀ ਪਾਸ ਕੀਤਾ ਗਿਆ ਸੀ,ਪਰ ਪੰਜਾਬ ਦੇ ਵਿਧਾਇਕਾਂ ਨੇ ਮੁੱਖ ਮੰਤਰੀ ਦੇ ਭਰੋਸੇ ਨੂੰ ਨਜ਼ਰਅੰਦਾਜ਼ ਕਰਦਿਆਂ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਖੁੱਲ ਕੇ ਪ੍ਰਚਾਰ ਕੀਤਾ ਜਿਹੜਾ ਚੋਣ ਜਾਬਤਾ ਦੇ ਵਿਰੁੱਧ ਸੀ।ਵਿਰੋਧੀ ਉਮੀਦਵਾਰਾਂ ਨੂੰ ਹਰ ਤਰੀਕੇ ਨਾਲ ਪ੍ਰਭਾਵਿਤ ਕਰਨ ਅਤੇ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ, ਜੋ ਨਿਰਪੱਖ ਪੰਚਾਇਤੀ ਚੋਣਾਂ ਵਿੱਚ ਵੱਡੀ ਰੁਕਾਵਟ ਸਾਬਤ ਹੋਈ।ਜਿਸ ਦੇ ਨਤੀਜੇ ਆਮ ਆਦਮੀ ਪਾਰਟੀ ਨੂੰ ਭਵਿੱਖ ਵਿੱਚ ਭੁਗਤਣੇ ਪੈ ਸਕਦੇ ਹਨ।

# ਹਜ਼ੂਰ ਸਾਹਿਬ ਨਾਂਦੇੜ ਤੋਂ ਆਈ ਯਾਤਰਾ ਦੀਆਂ ਸੈਂਕੜੇ ਮਰਾਠੀ ਸੰਗਤਾਂ ਨੇ ਇਤਿਹਾਸਕ ਗੁਰਦੁਆਰਾ ਗੋਇੰਦਵਾਲ ਸਾਹਿਬ ਵਿੱਚ ਮੱਥਾ ਟੇਕਿਆ

ਪੰਜਾਬ ਦਾ ਖੁਲਾਸਾ

**ਸ਼੍ਰੀ ਗੋਇੰਦਵਾਲ ਸਾਹਿਬ, 21 ਨਵੰਬਰ ( ਕਰਨੈਲ ਸਿੰਘ ਰਿਕੂ)** - ਭਗਤੀ ਲਹਿਰ ਦੇ ਮਾਣਕ ਮੋਤੀ ਭਗਤ ਨਾਮਦੇਵ ਜੀ ਦੇ ਜਨਮ ਸਥਾਨ ਨਰਸੀ ਨਾਮਦੇਵ (ਜ਼ਿਲ੍ਹਾ ਸਤਾਰਾ), ਮਹਾਰਾਸ਼ਟਰ ਤੋਂ ਸ਼ੁਰੂ ਹੋਕੇ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਹੁੰਦੀ ਹੋਈ ਭਗਤ ਨਾਮਦੇਵ ਯਾਤਰਾ ਵਿੱਚ ਆਈਆਂ ਸੈਂਕੜੇ ਮਰਾਠੀ ਸੰਗਤਾਂ ਨੇ ਅੱਜ ਇਤਿਹਾਸਕ ਗੁਰਦੁਆਰਾ



**ਨਾਨਕ ਸਾਂਈ ਫਾਉਂਡੇਸ਼ਨ ਵੱਲੋਂ ਮਰਾਠੀ ਤੇ ਪੰਜਾਬੀ ਭਾਈਚਾਰੇ ਨੂੰ ਮਜ਼ਬੂਤ ਬਣਾਉਨ ਲਈ ਕੀਤਾ ਜਾ ਰਿਹਾ ਉਪਰਾਲਾ ਸਲਾਘਾਯੋਗ-ਗਰਚਾ, ਔਲਖ**

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮੱਥਾ ਟੇਕਿਆ। ਸੰਤ ਬਾਬਾ ਨਰਿੰਦਰ ਸਿੰਘ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ ਲੰਗਰ ਸਾਹਿਬ ਨਾਂਦੇੜ ਦੇ ਅਸ਼ੀਰਵਾਦ ਨਾਲ ਆਈ ਯਾਤਰਾ ਦੇ ਪ੍ਰਬੰਧਕ ਮਰਾਠੀ ਲੇਖਕ ਤੇ ਨਾਨਕ ਸਾਂਈ ਫਾਉਂਡੇਸ਼ਨ ਮਹਾਰਾਸ਼ਟਰ ਦੇ ਪ੍ਰਧਾਨ ਪੰਡਰੀਨਾਥ ਬੋਕਾਰੇ ਦੀ ਅਗਵਾਈ ਵਿੱਚ ਆਈਆਂ ਸੰਗਤਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨੈਜ਼ਰ ਸਰਦਾਰ ਗੁਰਾ ਸਿੰਘ ਮਾਨ, ਮੀਤ ਮਨੈਜ਼ਰ ਸਰਬਜੀਤ ਸਿੰਘ ਮੁੰਡਾ ਪਿੰਡ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ ਤੇ ਸਾਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਹੈਡ ਗ੍ਰੰਥੀ ਭਾਈ ਗੁਰਮੱਖ ਸਿੰਘ ਜੀ ਨੇ ਸੰਗਤਾਂ ਨੂੰ ਇਸ ਪਵਿੱਤਰ ਗੁਰੂਦਵਾਰਾ ਸਾਹਿਬ ਇਤਿਹਾਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ। ਮੱਥਾ ਟੇਕਣ ਉਪਰੰਤ ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਉਂਡੇਸ਼ਨ ਦੇ ਪ੍ਰਧਾਨ ਸੁਖਵਿੰਦਰਪਾਲ ਸਿੰਘ ਗਰਚਾ ਯਾਤਰਾ ਵਿੱਚ ਆਈਆਂ ਸੰਗਤਾਂ ਨੂੰ ਮਹਾਨ ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਸੰਖੇਪ ਵਿੱਚ ਦੱਸਦਿਆਂ ਕਿਹਾ ਕਿ ਉਨ੍ਹਾਂ ਦਾ ਜਨਮ ਮਹਾਰਾਸ਼ਟਰ ਦੇ ਜ਼ਿਲ੍ਹਾ ਸਤਾਰਾ ਦੇ ਪਿੰਡ ਨਰਸੀ ਬਾਹਮਨੀ ਵਿੱਚ 1270 ਈਸਵੀ ਨੂੰ ਹੋਇਆ। ਭਗਤ ਨਾਮਦੇਵ ਜੀ ਦੇ ਪਿਤਾ ਜੀ ਦਾ ਨਾਮ ਦਾਮਾਸ਼ੇਠ ਅਤੇ ਮਾਤਾ ਜੀ ਦਾ ਨਾਮ ਗੋਨਾਬਾਈ ਸੀ, ਆਪਜੀ ਦਾ ਪਰਿਵਾਰ ਭਗਵਾਨ ਵਿਠੱਲ ਦਾ ਭਗਤ ਸੀ। ਨਾਮਦੇਵ ਜੀ ਦਾ ਵਿਆਹ ਗੋਬਿੰਦਸੇਟੀ ਦੀ ਪੁੱਤਰੀ ਰਾਜਬਾਈ ਨਾਲ ਹੋਇਆ, ਜਿਸ ਤੋਂ ਉਨ੍ਹਾਂ ਦੇ ਚਾਰ ਪੁੱਤਰ ਅਤੇ ਇੱਕ ਪੁੱਤਰੀ ਦਾ ਜਨਮ ਹੋਇਆ, ਜਿਨ੍ਹਾਂ 'ਚ ਪੁੱਤਰਾਂ ਦੇ ਨਾਮ ਨਾਰਾਇਣ, ਮਹਾਂਦੇਵ, ਗੋਬਿੰਦ ਅਤੇ ਵਿੱਠਲ ਅਤੇ ਪੁੱਤਰੀ ਦਾ ਨਾਮ ਲਿੰਬਾ ਬਾਈ ਸੀ। ਭਗਤ ਨਾਮਦੇਵ ਜੀ ਛੀਂਬਾ ਜਾਤੀ ਨਾਲ ਸੰਬੰਧ ਰੱਖਦੇ ਸਨ, ਜੋ ਉਸ ਸਮੇਂ ਦੀ ਵਰਣ ਵੰਡ ਅਨੁਸਾਰ ਨੀਵੀਂ ਜਾਤ ਵਜੋਂ ਗਿਣੀ ਜਾਂਦੀ ਸੀ। ਭਗਤ ਜੀ ਨੇ ਕੱਪੜੇ ਰੰਗਣ ਅਤੇ ਸਿਊਣ ਦਾ ਪਿਤਾ ਪੁਰਖੀ ਕੰਮ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੀਤਾ। ਭਗਤ ਨਾਮਦੇਵ ਜੀ ਛੋਟੀ ਉਮਰ ਤੋਂ ਹੀ ਭਗਤ ਵਿਰਤੀ ਵਾਲੇ ਸਨ। ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦਾ ਪਰਿਵਾਰ ਨਰਸੀ ਬਾਹਮਣੀ ਤੋਂ ਪੰਡਰਪੁਰ ਚਲਾ ਗਿਆ ਤੇ ਇਥੇ ਭਗਤ ਜੀ ਨੇ ਲੰਬਾ ਸਮਾਂ ਬਤੀਤ ਕੀਤਾ ਤੇ ਗੁਰੂ ਵਿਸ਼ੇਬਾ ਖੇਚਰ ਤੋਂ ਦੀਖਿਆ ਪ੍ਰਾਪਤ ਕੀਤੀ। ਭਗਤੀ ਲਹਿਰ ਦੇ ਵਿੱਚੋਂ ਭਗਤ ਨਾਮਦੇਵ ਜੀ ਪ੍ਰਮੁੱਖ ਸੰਤ ਹੋਏ ਹਨ ਉਹ ਭਾਰਤ ਦੇ ਪ੍ਰਸਿੱਧ ਧਾਮਾਂ ਪ੍ਰਯਾਗਰਾਜ, ਕਾਸ਼ੀ, ਮਥੁਰਾ, ਅਯੁੱਧਿਆ, ਬ੍ਰਿਦਾਬਨ, ਜਗਨਨਾਥ, ਦੁਆਰਕਾਪੁਰੀ, ਗਯਾ ਅਤੇ ਹੋਰ ਕਈ ਤੀਰਥ ਅਸਥਾਨਾਂ ਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਦੀ ਬਾਣੀ ਦੇ 10 ਰਾਗਾਂ ਵਿੱਚ 61 ਸ਼ਬਦ ਦਰਜ ਹਨ। ਇਨ੍ਹਾਂ ਦੀ ਬਾਣੀ ਹੱਥੀਂ ਕੰਮ ਕਰਨਾ ਤੇ ਮਨ ਪ੍ਰਮਾਤਮਾ ਵੱਲ ਲਾਉਣ ਦੀ ਸਿੱਖਿਆ ਦੇਣ ਵਾਲੀ ਹੈ। ਭਗਤ ਨਾਮਦੇਵ ਜੀ ਨੇ ਹਰ ਥਾਂ 'ਤੇ ਆਪਣੀ ਭਗਤੀ ਤੇ ਸ਼ਰਧਾ ਭਾਵ ਦੀ ਛਾਪ ਛੱਡਦੇ ਹੋਏ ਸਮੁੱਚਾ ਜੀਵਨ ਭਗਤੀ ਕਰਨ ਅਤੇ ਸਮਾਜ ਵਿੱਚ ਭੇਦਭਾਵ ਖਤਮ ਕਰਨ ਦੀ ਸਿੱਖਿਆ ਦੇਣ ਵਿੱਚ ਲਗਾਇਆ। 10ਵੀਂ ਭਗਤ ਨਾਮਦੇਵ ਜੀ ਯਾਤਰਾ ਦੇ ਮੁੱਖ ਪ੍ਰਬੰਧਕ ਮਰਾਠੀ ਲੇਖਕ ਤੇ ਨਾਨਕ ਸਾਂਈ ਫਾਉਂਡੇਸ਼ਨ ਮਹਾਰਾਸ਼ਟਰ ਦੇ ਪ੍ਰਧਾਨ ਸ੍ਰੀ ਪੰਡਰੀਨਾਥ ਬੋਕਾਰੇ ਨੇ ਦੱਸਿਆ ਕਿ ਸਾਡਾ ਵੱਡਾ ਉਦੇਸ਼ ਮਹਾਰਾਸ਼ਟਰ ਦੀਆਂ ਸੰਗਤਾਂ ਨੂੰ ਪੰਜਾਬ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਵਾਉਣ ਦੇ ਨਾਲ ਨਾਲ ਮਰਾਠੀ, ਪੰਜਾਬੀ ਭਾਈਚਾਰੇ ਨੂੰ ਮਜ਼ਬੂਤ ਬਨਾਉਣਾ ਹੈ। ਇਸ ਮੌਕੇ ਤੇ ਸ਼੍ਰੀਮਤੀ ਪ੍ਰਫੁੱਲਾ ਬੋਕਾਰੇ, ਰਾਕੇਸ਼ ਕੁਮਾਰ, ਦਰਸ਼ਨ ਸਿੰਘ ਗਰਚਾ, ਹਰਪ੍ਰੀਤ ਸਿੰਘ ਸੋਹਲ, ਸ਼੍ਰੀਜੇਸ਼ ਕੁਮਾਰ ਬੋਕਾਰੇ, ਪੰਡਿਤ ਵਿਸ਼ਵਾਮਿੱਤਰ, ਮਲਵਿੰਦਰ ਸਿੰਘ ਸੰਧੂ, ਕੁਲਵਿੰਦਰ ਸਿੰਘ ਬੱਬੀ, ਹਰਚਰਨ ਸਿੰਘ ਵਾਲੀਆ, ਜਸਵੰਤ ਸਿੰਘ ਜੱਗੀ, ਲਵਦੀਪ ਸਿੰਘ, ਪਰਵਿੰਦਰ ਸਿੰਘ ਸਰਾਂ, ਸ਼੍ਰੀਮਤੀ ਵਨੀਤਾ, ਅਮਰਜੀਤ ਕੌਰ ਗਰੇਵਾਲ, ਰਵਚਰਨ ਸਿੰਘ, ਪਰਮਿੰਦਰ ਸਿੰਘ ਗਿੱਲ, ਤਰੁਨ ਕੁਮਾਰ ਵਰਮਾ, ਕੇਵਲ ਬਾਂਸਲ, ਗੁਰਵਿੰਦਰ ਸਿੰਘ, ਲਖਵਿੰਦਰ ਸਿੰਘ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਸਾਂਝਾਂ ਭੋਜਨ: ਰਿਸ਼ਤਿਆਂ ਨੂੰ ਮਜਬੂਤ ਕਰਨ ਦਾ ਸੁਨੇਹਾ

*ਅੱਜ ਦੇ ਸਮੇਂ ਵਿੱਚ, ਜਿਥੇ ਦੁਨੀਆਂ ਵੱਧਦੀ ਨਫਰਤ ਨਾਲ ਘਿਰੀ ਹੋਈ ਹੈ, ਉਥੇ ਇਨ੍ਹਾਂ ਰਿਸ਼ਤਿਆਂ ਨੂੰ ਮੁੜ ਰੋਸ਼ਨ ਕਰਨ ਲਈ ਸਾਂਝੇ ਭੋਜਨ ਵਾਂਗਰ ਕੋਈ ਹੋਰ ਗੀਤ ਨਹੀਂ ਹੋ ਸਕਦੀ।*



ਪੁਰਾਣੇ ਸਮਿਆਂ 'ਚ ਪਰਿਵਾਰ ਲਈ ਮਾਣ ਵਾਲੀ ਗੱਲ ਹੁੰਦੀ ਸੀ, ਜਦੋਂ ਸਾਰੇ ਪਰਿਵਾਰਕ ਮੈਂਬਰ ਇਕੱਠੇ ਰਹਿ ਕੇ ਇੱਕੋ ਹੀ ਛੱਤ ਹੇਠਾਂ ਖਾਣ-ਪੀਣ ਕਰਦੇ ਸਨ, ਜਿਥੇ ਸਾਂਝਾ ਭੋਜਨ ਸਿਰਫ਼ ਪੇਟ ਪੂਜਾ ਦਾ ਹੀ ਮੱਤਲਬ ਨਹੀਂ ਸੀ, ਸਗੋਂ ਇਹ ਆਪਸੀ ਮੁਹੱਬਤ, ਪਿਆਰ ਤੇ ਸਾਂਝੇ ਦੁੱਖ-ਸੁੱਖ ਦੇ ਬੰਧਨ ਨੂੰ ਮਜ਼ਬੂਤ ਕਰਨ ਦਾ ਵਸੀਲਾ ਵੀ ਸੀ। ਇੱਕੋ ਹੀ ਚੁੱਲ੍ਹੇ 'ਚ ਬਣੀ ਸਾਗ-ਸਬਜ਼ੀ ਦੀ ਖੁਸ਼ਬੂ ਸਿਰਫ਼ ਘਰ ਤੱਕ ਹੀ ਸੀਮਿਤ ਨਹੀਂ ਰਹਿੰਦੀ ਸੀ, ਸਗੋਂ ਇਹ ਸਾਰੇ ਪਰਿਵਾਰਕ ਮੈਂਬਰਾਂ ਦੇ ਦਿਲਾਂ ਵਿਚ ਇਕੱਠਾ ਹੋਣ ਦੇ ਬਹਾਨੇ ਵੀ ਪੈਦਾ ਕਰਦੀ ਰਹਿੰਦੀ ਸੀ।

ਹਾਲਾਂਕਿ, ਅੱਜ ਦੇ ਯੁੱਗ 'ਚ, ਜਿੱਥੇ ਮਹਿੰਗਾਈ, ਵੱਖ-ਵੱਖ ਤਰ੍ਹਾਂ ਦੇ ਰੁਝੇਵੇ ਅਤੇ ਘਰਾਂ ਦੀਆਂ ਆਪਣੀਆਂ ਨੋਕ-ਝੋਕਾਂ ਕਾਰਨ ਪਰਿਵਾਰ ਛੋਟੇ-ਛੋਟੇ ਹਿੱਸਿਆਂ 'ਚ ਵੰਡ ਗਏ ਹਨ, ਪਰ ਫਿਰ ਵੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਮਜਬੂਤ ਕਰਨ ਲਈ ਇਹਨਾਂ ਪਰਿਵਾਰਾ 'ਚ ਮੌਕੇ ਵੀ ਮਿਲਦੇ ਰਹਿੰਦੇ ਹਨ। ਜਦੋਂ ਵੀ ਕੋਈ ਖੁਸ਼ੀ ਦਾ ਸਮਾਂ ਆਉਂਦਾ ਹੈ,ਜਿਵੇਂ ਕਿ ਕੋਈ ਤਿਉਹਾਰ, ਜਨਮ ਦਿਨ, ਵਿਆਹ ਦੀ ਵਰ੍ਹੇਗੰਡ ਜਾਂ ਕਿਸੇ ਨੇ ਨਵੀਂ ਗੱਡੀ ਲਿਆਂਦੀ ਹੋਵੇ। ਇਹ ਉਹ ਪਲ ਹੁੰਦੇ ਹਨ, ਜਦੋਂ ਸਾਰੇ ਪਰਿਵਾਰਕ ਮੈਂਬਰ ਇਕੱਠੇ ਹੋ ਕੇ ਇਕ ਦੂਜੇ ਨਾਲ ਦੁੱਖ-ਸੁੱਖ ਸਾਂਝੇ ਕਰਦੇ ਹਨ। ਇਹ ਸਮਾਂ ਨਾ ਸਿਰਫ਼ ਭਰਾਵਾਂ, ਭਰਜਾਈਆਂ, ਜਠਾਣੀਆਂ, ਅਤੇ ਦਰਾਣੀਆਂ ਲਈ ਮਹੱਤਵ ਰੱਖਦਾ ਹੈ, ਸਗੋਂ ਬੱਚਿਆਂ ਲਈ ਵੀ ਵੱਡਾ ਸਬਕ ਹੁੰਦਾ ਹੈ, ਜਿਥੇ ਉਹ ਸੱਚਾਈ, ਇਮਾਨਦਾਰੀ, ਮਿਲਵਰਤਣ ਅਤੇ ਸੇਵਾ-ਭਾਵਨਾ ਵਰਗੇ ਗੁਣ ਸਿੱਖਦੇ ਹਨ।

ਅੱਜ ਦੇ ਸਮੇਂ ਵਿੱਚ, ਜਿਥੇ ਦੁਨੀਆ ਵਧਦੀ ਨਫਰਤ ਨਾਲ ਘਿਰੀ ਹੋਈ ਹੈ, ਉਥੇ ਇਨ੍ਹਾਂ ਰਿਸ਼ਤਿਆਂ ਨੂੰ ਮੁੜ ਰੋਸ਼ਨ ਕਰਨ ਲਈ ਸਾਂਝੇ ਭੋਜਨ ਵਾਂਗਰ ਕੋਈ ਹੋਰ ਗੀਤ ਨਹੀਂ ਹੋ ਸਕਦੀ। ਰੁਝੇਵੇਂ ਭਰੇ ਜੀਵਨ ਵਿੱਚ ਜਿੱਥੇ ਸਾਨੂੰ ਇਕ ਦੂਜੇ ਲਈ ਸਮਾਂ ਨਹੀਂ ਮਿਲਦਾ, ਉਥੇ ਇਹ ਖੁਸ਼ੀ ਦੇ ਮੌਕੇ ਸਾਡੇ ਲਈ ਇੱਕ ਦੂਜੇ ਨਾਲ ਜੁੜਨ ਦਾ ਸੁਨੇਹਾ ਲਿਆਉਂਦੇ ਹਨ। ਜਦੋਂ ਸਾਡੇ ਬੱਚੇ ਸਾਡੇ ਪਿਛੋਕੜ ਬਾਰੇ ਗੱਲਾਂ ਸੁਣਦੇ ਹਨ, ਤਾਂ ਉਹਨਾਂ ਨੂੰ ਆਪਣੇ ਪਰਿਵਾਰ ਦੀਆਂ ਜੜ੍ਹਾਂ ਅਤੇ ਪਿਛਲੇ ਸਮਿਆਂ ਦੇ ਹਾਲਾਤਾਂ ਬਾਰੇ ਵੀ ਪਤਾ ਲੱਗਦਾ ਹੈ। ਇਸ ਤਰ੍ਹਾਂ, ਸਾਂਝੇ ਭੋਜਨ ਨਾਲ ਸਿਰਫ਼ ਭੁੱਖ ਨਹੀਂ ਮਿਟਾਈ ਜਾਂਦੀ, ਸਗੋਂ ਸਾਨੂੰ ਮਿਲਵਰਤਣ ਅਤੇ ਲੋੜੀਂਦੇ ਰਿਸ਼ਤਿਆਂ ਦੀ ਮਹਿਕ ਵੀ ਮਿਲਦੀ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਰਿਸ਼ਤਿਆਂ ਨੂੰ ਮਜਬੂਤ ਕਰਨ ਲਈ ਇਨ੍ਹਾਂ ਮੌਕਿਆਂ ਨੂੰ ਨਾ ਗਵਾਉਂਦੇ ਹੋਏ, ਸਮੇਂ ਦੀ ਰਫ਼ਤਾਰ ਵਿੱਚੋਂ ਕੁਝ ਪਲ ਕਢੀਏ। ਇਸ ਮਾਹੌਲ ਵਿੱਚ ਮਿਲ ਕੇ ਖਾਣ ਨਾਲ ਜਿਥੇ ਅਪਣੱਤ ਵਧਦਾ ਹੈ, ਉਥੇ ਸਾਡੇ ਰਿਸ਼ਤਿਆਂ ਦੀ ਨੀਂਹ ਵੀ ਹੋਰ ਮਜਬੂਤ ਹੁੰਦੀ ਹੈ। ਆਓ, ਇਹਨਾਂ ਮੌਕਿਆਂ 'ਤੇ ਇੱਕਠੀਆਂ ਭੋਜਨ ਕਰ ਆਪਣੇ ਰਿਸ਼ਤਿਆਂ ਨੂੰ ਨਵੀਂ ਰੌਸ਼ਨੀ ਬਖ਼ਸ਼ੀਏ ਅਤੇ ਜਿੰਦਗੀ ਦੇ ਰੇਗਿਸਤਾਨ ਵਿੱਚ ਮੁਹੱਬਤ ਦੇ ਫੁੱਲ ਖਿੜਾਈਏ।



**ਬਲਦੇਵ ਸਿੰਘ ਬੇਦੀ, ਜਲੰਧਰ**

# ਜੀ.ਐਸ.ਟੀ. ਵਿਭਾਗ ਵਲੋਂ ਕਾਟਨ ਫੈਕਟਰੀ ਮਾਲਕਾਂ ਨਾਲ ਕੀਤੀ ਗਈ ਮੀਟਿੰਗ

ਪੰਜਾਬ ਦਾ ਖੁਲਾਸਾ

**ਸ਼੍ਰੀ ਮੁਕਤਸਰ ਸਾਹਿਬ 21 ਨਵੰਬਰ (ਮਨਪ੍ਰੀਤ ਮੋਨੂੰ)**- ਸ਼੍ਰੀ ਰੋਹਿਤ ਗਰਗ,



ਸਹਾਇਕ ਕਮਿਸ਼ਨਰ ਰਾਜ ਕਰ, ਸ਼੍ਰੀ ਮੁਕਤਸਰ ਸਾਹਿਬ ਨੇ ਜੀ.ਐਸ.ਟੀ. ਦਾ ਮਾਲੀਆ ਵਧਾਉਣ ਲਈ ਕਾਟਨ ਨਾਲ ਸਬੰਧਤ ਵਪਾਰੀਆਂ ਤੇ ਫੈਕਟਰੀ ਮਾਲਕਾਂ ਨਾਲ ਆਪਣੇ ਦਫਤਰ ਵਿਖੇ ਮੀਟਿੰਗ ਕੀਤੀ। ਮੀਟਿੰਗ ਵਿੱਚ ਵਪਾਰੀਆਂ ਨਾਲ ਜ਼ਿਲ੍ਹੇ ਵਿੱਚ ਕਾਟਨ ਦਾ ਟੈਕਸ ਘੱਟ ਜਾਣ ਸਬੰਧੀ ਵਿਚਾਰ ਕੀਤਾ ਗਿਆ। ਮੀਟਿੰਗ ਵਿੱਚ ਪਹੁੰਚੇ ਕਾਟਨ ਨਾਲ ਸਬੰਧਿਤ ਵਪਾਰੀਆਂ ਨੇ ਦੱਸਿਆ ਕਿ ਟੈਕਸ ਘੱਟਣ ਦਾ ਮੁੱਖ ਕਾਰਨ ਇਲਾਕੇ ਵਿੱਚ ਕਾਟਨ ਖੇਤੀ ਅਧੀਨ ਰਕਬਾ ਘੱਟ ਰਿਹਾ ਹੈ ਅਤੇ ਝੋਨੇ ਦੀ ਖੇਤੀ ਅਧੀਨ ਰਕਬਾ ਦਿਨੋਂ ਦਿਨ ਵੱਧ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਨਰਮੇ ਦੀ ਖਰੀਦ ਅਕਤੂਬਰ ਮਹੀਨੇ ਤੋਂ ਹੀ ਸ਼ੁਰੂ ਹੋ ਜਾਂਦੀ ਸੀ, ਪਰੰਤੂ ਇਸ ਸਾਲ ਨਵੰਬਰ ਮਹੀਨੇ ਤੱਕ ਵੀ ਮੰਡੀਆਂ ਵਿੱਚ ਨਰਮੇ ਦੀ ਖਰੀਦ ਨਾ ਮਾਤਰ ਹੀ ਹੋਈ ਹੈ। ਮੀਟਿੰਗ ਵਿੱਚ ਮੈਸ: ਗਰੋਸਪਿਨਜ਼ ਫੈਬਜ਼ ਲਿਮ. ਸ਼੍ਰੀ ਮੁਕਤਸਰ ਸਾਹਿਬ, ਮੈਸ: ਮੁਕਤਸਰ ਕਾਟਨ ਫੈਕਟਰੀ ਸ਼੍ਰੀ ਮੁਕਤਸਰ ਸਾਹਿਬ, ਮੈਸ: ਤੁਲਸੀ ਰਾਮ ਜੱਸ ਰਾਜ ਮਲੋਟ, ਮੈਸ: ਸਸਟੇਨਏਬਲ ਕਾਟਨ ਲਿਮ. ਗਿੱਦੜਬਾਹਾ, ਮੈਸ: ਸ਼੍ਰੀ ਗਨੇਸ਼ ਕਾਟਨ ਇੰਡ. ਲਿਮ. ਗਿੱਦੜਬਾਹਾ, ਮੈਸ: ਚੰਦੂ ਲਾਲ ਵੇਦ ਪ੍ਰਕਾਸ਼ ਗਿੱਦੜਬਾਹਾ, ਮੈਸ: ਐਸ. ਆਰ. ਕਾਟਨ ਫੈਕਟਰੀ ਮਲੋਟ ਅਤੇ ਮੈਸ: ਮੱਕੜ ਕਾਟਨ ਫੈਕਟਰੀ ਮਲੋਟ ਦੇ ਪਹੁੰਚੇ ਵਪਾਰੀਆਂ ਤੋਂ ਇਲਾਵਾ ਸਟੇਟ ਜੀ.ਐਸ.ਟੀ. ਵਿਭਾਗ ਦੇ ਸ਼੍ਰੀ ਮਨਜਿੰਦਰ ਸਿੰਘ ਰਾਜ ਕਰ ਅਫ਼ਸਰ, ਸ਼੍ਰੀ ਗੁਰਿੰਦਰਜੀਤ ਸਿੰਘ ਰਾਜ ਕਰ ਅਫ਼ਸਰ, ਮੁਨੀਸ਼ ਗਰਗ ਕਰ ਨਿਰੀਖਕ, ਤਰਸੇਮ ਸਿੰਘ ਕਰ ਨਿਰੀਖਕ ਅਤੇ ਸ਼੍ਰੀ ਅੰਮ੍ਰਿਤਪਾਲ ਗੋਇਲ ਕਰ ਨਿਰੀਖਕ ਸ਼ਾਮਲ ਸਨ।

# ਭਗਤ ਨਾਮਦੇਵ ਯਾਤਰਾ ਵਿੱਚ ਆਈਆਂ ਸੈਂਕੜੇ ਮਰਾਠੀ ਸੰਗਤਾਂ ਨੇ ਇਤਿਹਾਸਕ ਗੁਰਦੁਆਰਾ ਗੋਇੰਦਵਾਲ ਸਾਹਿਬ ਵਿਖੇ ਮੱਥਾ ਟੇਕਿਆ

ਪੰਜਾਬ ਦਾ ਖੁਲਾਸਾ

**ਸ਼੍ਰੀ ਗੋਇੰਦਵਾਲ ਸਾਹਿਬ, 21 ਨਵੰਬਰ ( ਮਨਪ੍ਰੀਤ ਮੋਨੂੰ )** - ਭਗਤੀ ਲਹਿਰ ਦੇ ਮਾਣਕ ਮੋਤੀ ਬਾਬਾ ਨਾਮਦੇਵ ਜੀ ਦੇ ਜਨਮ ਸਥਾਨ ਨਰਸੀ ਨਾਮਦੇਵ (ਜ਼ਿਲ੍ਹਾ ਸਤਾਰਾ), ਮਹਾਰਾਸ਼ਟਰ ਤੋਂ ਸ਼ੁਰੂ ਹੋਕੇ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਹੁੰਦੀ ਹੋਈ ਭਗਤ ਨਾਮਦੇਵ ਯਾਤਰਾ ਵਿੱਚ ਆਈਆਂ ਸੈਂਕੜੇ ਮਰਾਠੀ ਸੰਗਤਾਂ ਨੇ ਅੱਜ ਇਤਿਹਾਸਕ ਗੁਰਦੁਆਰਾ ਸ਼੍ਰੀ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਦਿਆਂ ਮੱਥਾ ਟੇਕਿਆ। ਯਾਤਰਾ ਦੇ ਪ੍ਰਬੰਧਕ ਮਰਾਠੀ ਲੇਖਕ ਤੇ ਨਾਨਕ ਸਾਂਈ ਫਾਉਂਡੇਸ਼ਨ ਮਹਾਰਾਸ਼ਟਰ ਦੇ ਪ੍ਰਧਾਨ ਪੰਡਰੀਨਾਥ ਬੋਕਾਰੇ ਦੀ ਅਗਵਾਈ ਵਿੱਚ ਆਈਆਂ ਸੰਗਤਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨੈਜ਼ਰ ਸਰਦਾਰ ਗੁਰਾ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ, ਮੀਤ ਮਨੈਜ਼ਰ ਸਰਬਜੀਤ ਸਿੰਘ ਮੁੰਡਾ ਪਿੰਡ ਤੇ ਸਾਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਹੈਡ ਗ੍ਰੰਥੀ ਭਾਈ ਗੁਰਮੱਖ ਸਿੰਘ ਜੀ ਨੇ ਸੰਗਤਾਂ ਨੂੰ ਇਸ ਪਵਿੱਤਰ ਇਤਿਹਾਸਕ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ। ਇਸ ਉਪਰੰਤ ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਉਂਡੇਸ਼ਨ ਦੇ ਪ੍ਰਧਾਨ ਸੁਖਵਿੰਦਰਪਾਲ ਸਿੰਘ ਗਰਚਾ ਨੇ ਯਾਤਰਾ ਵਿੱਚ ਆਈਆਂ ਸੰਗਤਾਂ ਨੂੰ ਮਹਾਨ ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਸੰਖੇਪ ਵਿੱਚ ਦੱਸਦਿਆਂ ਕਿਹਾ ਕਿ ਉਨ੍ਹਾਂ ਦਾ ਜਨਮ ਮਹਾਰਾਸ਼ਟਰ ਦੇ ਜ਼ਿਲ੍ਹਾ ਸਤਾਰਾ ਦੇ ਪਿੰਡ ਨਰਸੀ ਬਾਹਮਨੀ ਵਿੱਚ 1270 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਦਾਮਾਸ਼ੇਠ ਅਤੇ ਮਾਤਾ ਜੀ ਦਾ ਨਾਮ ਗੋਨਾਬਾਈ ਸੀ। ਆਪ ਜੀ ਦਾ ਪਰਿਵਾਰ ਭਗਵਾਨ ਵਿਠੱਲ ਦਾ ਭਗਤ ਸੀ। ਨਾਮਦੇਵ ਜੀ ਦਾ ਵਿਆਹ ਗੋਬਿੰਦਸੇਟੀ ਦੀ ਪੁੱਤਰੀ ਰਾਜਬਾਈ ਨਾਲ ਹੋਇਆ, ਜਿਸ ਤੋਂ ਉਨ੍ਹਾਂ ਦੇ ਚਾਰ ਪੁੱਤਰ ਅਤੇ ਇੱਕ ਪੁੱਤਰੀ ਦਾ ਜਨਮ ਹੋਇਆ, ਜਿਨ੍ਹਾਂ 'ਚ ਪੁੱਤਰਾਂ ਦੇ ਨਾਮ ਨਾਰਾਇਣ, ਮਹਾਂਦੇਵ, ਗੋਬਿੰਦ ਅਤੇ ਵਿੱਠਲ ਅਤੇ ਪੁੱਤਰੀ ਦਾ ਨਾਮ ਲਿੰਬਾ ਬਾਈ ਸੀ। ਭਗਤ ਨਾਮਦੇਵ ਜੀ ਛੀਂਬਾ ਜਾਤੀ ਨਾਲ ਸੰਬੰਧ ਰੱਖਦੇ ਸਨ, ਜੋ ਉਸ ਸਮੇਂ ਦੀ ਵਰਣ ਵੰਡ ਅਨੁਸਾਰ ਨੀਵੀਂ ਜਾਤ ਵਜੋਂ ਗਿਣੀ ਜਾਂਦੀ ਸੀ। ਭਗਤ ਜੀ ਨੇ ਕੱਪੜੇ ਰੰਗਣ ਅਤੇ ਸਿਊਣ ਦਾ ਪਿਤਾ ਪੁਰਖੀ ਕੰਮ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੀਤਾ। ਭਗਤ ਨਾਮਦੇਵ ਜੀ ਛੋਟੀ ਉਮਰ ਤੋਂ ਹੀ ਭਗਤ ਵਿਰਤੀ ਵਾਲੇ ਸਨ। ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦਾ ਪਰਿਵਾਰ ਨਰਸੀ ਬਾਹਮਣੀ ਤੋਂ ਪੰਡਰਪੁਰ ਚਲਾ ਗਿਆ ਤੇ ਇਥੇ ਭਗਤ ਜੀ ਨੇ ਲੰਬਾ ਸਮਾਂ ਬਤੀਤ ਕੀਤਾ ਤੇ ਗੁਰੂ ਵਿਸ਼ੇਬਾ ਖੇਚਰ ਤੋਂ ਦੀਖਿਆ ਪ੍ਰਾਪਤ

**ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਉਂਡੇਸ਼ਨ ਵੱਲੋਂ ਯਾਤਰਾ ਦੇ ਪ੍ਰਬੰਧਕਾਂ ਨੂੰ ਕੀਤਾ ਗਿਆ ਸਨਮਾਨਿਤ**

ਕੀਤੀ। ਭਗਤ ਨਾਮਦੇਵ ਜੀ ਭਾਰਤ ਦੇ ਪ੍ਰਸਿੱਧ ਧਾਮਾਂ ਪ੍ਰਯਾਗਰਾਜ, ਕਾਸ਼ੀ, ਮਥੁਰਾ, ਅਯੁੱਧਿਆ, ਬ੍ਰਿਦਾਬਨ, ਜਗਨਨਾਥ, ਦੁਆਰਕਾਪੁਰੀ, ਗਯਾ ਅਤੇ ਹੋਰ ਕਈ ਤੀਰਥ ਅਸਥਾਨਾਂ ਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਦੀ ਬਾਣੀ ਦੇ 10 ਰਾਗਾਂ ਵਿੱਚ 61 ਸ਼ਬਦ ਦਰਜ ਹਨ। ਇਨ੍ਹਾਂ ਦੀ ਬਾਣੀ ਹੱਥੀਂ ਕੰਮ ਕਰਨਾ ਤੇ ਮਨ ਪ੍ਰਮਾਤਮਾ ਵੱਲ ਲਾਉਣ ਦੀ ਸਿੱਖਿਆ ਦੇਣ ਵਾਲੀ ਹੈ। ਮਾਨਤਾ ਹੈ ਕਿ ਭਗਤ ਨਾਮਦੇਵ ਜੀ ਨਾਲ ਸੰਤ-ਮਹਾਤਮਾ ਅੰਮ੍ਰਿਤ ਰਸ ਦੀ ਵਰਖਾ ਕਰਦੇ ਹੋਏ ਮਹਾਰਾਸ਼ਟਰ ਤੋਂ ਚੱਲੇ ਅਤੇ ਹੌਲੀ- ਹੌਲੀ ਸੰਤ ਨਾਮਦੇਵ ਦਾ ਯਸ਼ਗਾਨ ਸਾਰੇ ਭਾਰਤ ਵਿਚ ਫੈਲ ਗਿਆ। ਜਦੋਂ ਇਹ ਸੰਤ ਮੰਡਲੀ ਦਿੱਲੀ ਪਹੁੰਚੀ, ਜਿੱਥੇ ਮੁਗਲਾਂ ਦਾ ਰਾਜ ਸੀ, ਪਤਾ ਲੱਗਣ ਤੇ ਮੁਗਲ ਬਾਦਸ਼ਾਹ ਨੇ ਇਸ ਸੰਤ ਮੰਡਲੀ ਨੂੰ ਬੁਲਾਇਆ ਤੇ ਬਾਦਸ਼ਾਹ ਨੇ ਭਗਤ ਨਾਮਦੇਵ ਜੀ ਨੂੰ ਮੁਸਲਮਾਨ ਬਣਾਉਣ ਦੀ ਗੱਲ ਸੋਚ ਕੇ ਕਠਿਨ ਪ੍ਰੀਖਿਆ ਲਈ ਅਤੇ ਸੋਚਿਆ ਕਿ ਹਿੰਦੂ ਗਊ ਦੀ ਬਲੀ ਤੋਂ ਝੁਕਦੇ ਹਨ ਇਸ ਲਈ ਇਕ ਗਊ ਮੰਗਾਂ ਕੇ ਕਸਾਈ ਤੋਂ ਉਸ ਦਾ ਸਿਰ ਕਟਵਾ ਦਿੱਤਾ ਤੇ ਨਾਮਦੇਵ ਨੂੰ ਕਿਹਾ ਕਿ ਜੇ ਤੂੰ ਸੱਚਾ





ਫਕੀਰ ਏਂ ਤਾਂ ਇਸ ਗਊ ਨੂੰ ਜੀਵਤ ਕਰ ਤਾਂ ਹੀ ਹਿੰਦੂਤਵ ਪ੍ਰਤੀ ਤੇਰਾ ਪ੍ਰੇਮ ਮੰਨਿਆ ਜਾਵੇਗਾ। ਨਾਮਦੇਵ ਨੇ ਕਿਹਾ ਕਿ ਉਹੀ ਹੁੰਦਾ ਹੈ, ਜੋ ਪ੍ਰਮਾਤਮਾ ਨੂੰ ਮਨਜ਼ੂਰ ਹੁੰਦਾ ਹੈ। ਬਾਦਸ਼ਾਹ ਨੇ ਕਿਹਾ ਕਿ ਫੇਰ ਤੂੰ ਇਸਲਾਮ ਕਬੂਲ ਕਰ ਲੈ ਤਾਂ ਤੈਨੂੰ ਛੱਡ ਦਿੱਤਾ ਜਾਵੇਗਾ, ਪਰ ਨਾਮਦੇਵ ਨੇ ਕਿਹਾ ਕਿ ਇਹ ਨਹੀਂ ਹੋ ਸਕਦਾ, ਇਹ ਸੁਣ ਕੇ ਬਾਦਸ਼ਾਹ ਗੁੱਸੇ ਵਿਚ ਆ ਗਿਆ ਤੇ ਭਗਤ ਨਾਮਦੇਵ ਜੀ ਨੂੰ ਹਾਥੀ ਹੇਠਾਂ ਕੁਚਲ ਦੇਣ ਦਾ ਹੁਕਮ ਦਿੱਤਾ, ਮਸਤ ਹਾਥੀ ਨੇ ਨਾਮਦੇਵ ਜੀ ਤੇ ਕਈ ਵਾਰ ਕੀਤੇ ਪਰ ਉਹ 'ਬਿੱਠਲ ਭਗਵਾਨ' ਦੀ ਕਿਰਪਾ ਨਾਲ ਠੀਕ ਰਹੇ ਤੇ ਉਨ੍ਹਾਂ ਬੜੀ ਭਾਵਨਾ ਨਾਲ ਭਗਵਾਨ ਨੂੰ ਪੁਕਾਰਿਆ ਤੇ ਬੇਨਤੀ ਕੀਤੀ ਕਿ ਗਊ ਨੂੰ ਜੀਵਨ ਦਾਨ ਦੇ ਕੇ ਧਰਮ ਦੀ ਰੱਖਿਆ ਕਰੋ, ਇਹ ਕਹਿੰਦੇ ਹੋਏ ਭਗਤ ਨਾਮਦੇਵ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਨਿਸ਼ਚਿਤ ਸਮਾਂ ਬੀਤਣ ਤੋਂ ਪਹਿਲਾਂ ਭਗਤਾਂ ਦੇ ਪਿਆਰੇ ਭਗਵਾਨ ਬਿੱਠਲ ਬੈਕੁੰਠ ਤੋਂ ਗਰੁੜ 'ਤੇ ਬੈਠ ਕੇ ਉਥੇ ਆਏ ਤੇ ਮਰੀ ਹੋਈ ਗਾਂ ਨੂੰ ਜਿੰਦਾ ਕੀਤਾ, ਵੱਛਾ ਗਊ ਦਾ ਦੁੱਧ ਪੀਣ ਲੱਗਾ, ਗਊ ਖੜ੍ਹੀ ਹੋਕੇ ਨਾਮਦੇਵ ਨੂੰ ਛੂਹਣ ਲੱਗੀ। ਭਗਵਾਨ ਬਿੱਠਲ ਨੇ ਮਧੁਰ ਬਾਣੀ ਵਿਚ ਕਿਹਾ, ਨਾਮਦੇਵ ਤੂੰ ਧੰਨ ਹੈ ਅਤੇ ਆਪਣਾ ਸਨੇਹ ਦਿੱਤਾ। ਇਹ ਦੇਖ ਕੇ ਬਾਦਸ਼ਾਹ ਸ਼ਰਮਸ਼ਾਰ ਹੋ ਗਿਆ ਤੇ ਨਾਮਦੇਵ ਜੀ ਅੱਗੇ ਝੁੱਕ ਗਿਆ ਤੇ ਖਿਮਾ ਮੰਗੀ। ਨਾਮਦੇਵ ਜੀ ਕਹਿੰਦੇ ਸਨ ਕਿ ਹਰੀ ਨਾਮ ਦੇ ਸੰਬੰਧ ਵਿਚ ਮੇਰੀ ਵਿਆਕੁਲਤਾ ਉਸੇ ਤਰ੍ਹਾਂ ਦੀ ਹੈ, ਜਿਵੇਂ ਗਾਂ ਦਾ ਵੱਛਾ ਗਾਂ ਤੋਂ ਵਿੱਛੜ ਕੇ ਵਿਆਕੁਲ ਹੁੰਦਾ ਹੈ ਅਤੇ ਮੱਛੀ ਪਾਣੀ ਤੋਂ ਬਾਹਰ ਤੜਫਦੀ ਹੈ। ਇਸੇ ਤਰ੍ਹਾਂ ਹੀ ਭਗਤ ਨਾਮਦੇਵ ਜੀ ਵੀ ਹਰ ਥਾਂ 'ਤੇ ਆਪਣੀ ਭਗਤੀ ਤੇ ਸ਼ਰਧਾ ਭਾਵ ਦੀ ਛਾਪ ਛੱਡਦੇ ਹੋਏ ਹਰ ਥਾਂ ਤੇ ਸ਼ਰਧਾਲੂਆਂ, ਪਿਆਰਿਆਂ ਵਿੱਚ ਹਰਮਨ ਪਿਆਰੇ ਹੋ ਗਏ। 10ਵੀਂ ਭਗਤ ਨਾਮਦੇਵ ਜੀ ਯਾਤਰਾ ਦੇ ਮੁੱਖ ਪ੍ਰਬੰਧਕ ਮਰਾਠੀ ਲੇਖਕ ਤੇ ਨਾਨਕ ਸਾਂਈ ਫਾਉਂਡੇਸ਼ਨ ਮਹਾਰਾਸ਼ਟਰ ਦੇ ਪ੍ਰਧਾਨ ਸ੍ਰੀ ਪੰਡਰੀਨਾਥ ਬੋਕਾਰੇ ਨੇ ਦੱਸਿਆ ਕਿ ਸਾਡਾ ਵੱਡਾ ਉਦੇਸ਼ ਮਹਾਰਾਸ਼ਟਰ ਦੀਆਂ ਸੰਗਤਾਂ ਨੂੰ ਪੰਜਾਬ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਵਾਉਣ ਦੇ ਨਾਲ ਨਾਲ ਮਰਾਠੀ, ਪੰਜਾਬੀ ਭਾਈਚਾਰੇ ਨੂੰ ਮਜ਼ਬੂਤ ਬਨਾਉਣਾ ਹੈ। ਇਸ ਮੌਕੇ ਤੇ ਸ਼੍ਰੀਮਤੀ ਪ੍ਰਫੁੱਲਾ ਬੋਕਾਰੇ, ਰਾਕੇਸ਼ ਕੁਮਾਰ, ਦਰਸ਼ਨ ਸਿੰਘ ਗਰਚਾ, ਹਰਪ੍ਰੀਤ ਸਿੰਘ ਸੋਹਲ, ਸ਼੍ਰੀਜੇਸ਼ ਕੁਮਾਰ ਬੋਕਾਰੇ, ਪੰਡਿਤ ਵਿਸ਼ਵਾਮਿੱਤਰ, ਮਲਵਿੰਦਰ ਸਿੰਘ ਸੰਧੂ, ਕੁਲਵਿੰਦਰ ਸਿੰਘ ਬੱਬੀ, ਹਰਚਰਨ ਸਿੰਘ ਵਾਲੀਆ, ਜਸਵੰਤ ਸਿੰਘ ਜੱਗੀ, ਲਵਦੀਪ ਸਿੰਘ, ਪਰਵਿੰਦਰ ਸਿੰਘ ਸਰਾਂ, ਸ਼੍ਰੀਮਤੀ ਵਨੀਤਾ, ਅਮਰਜੀਤ ਕੌਰ ਗਰੇਵਾਲ, ਰਵਚਰਨ ਸਿੰਘ, ਪਰਮਿੰਦਰ ਸਿੰਘ ਗਿੱਲ, ਤਰੁਨ ਕੁਮਾਰ ਵਰਮਾ, ਕੇਵਲ ਬਾਂਸਲ, ਗੁਰਵਿੰਦਰ ਸਿੰਘ, ਲਖਵਿੰਦਰ ਸਿੰਘ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਗੈਸ ਏਜੰਸੀ ਦੇ ਗੋਦਾਮ 'ਚੋਂ ਕਰੀਬ 235 ਸਿਲੰਡਰ ਗਾਇਬ

ਪੰਜਾਬ ਦਾ ਖੁਲਾਸਾ

**ਫੱਤੂ ਢੀਗਾ 21 ਨਵੰਬਰ (ਅਮਨਦੀਪ ਕੌਰ)**- ਕਪੂਰਥਲਾ 'ਚ ਇੰਡੇਨ ਗੈਸ ਏਜੰਸੀ ਦੇ ਗੋਦਾਮ 'ਚੋਂ ਕਰੀਬ 8 ਲੱਖ ਰੁਪਏ ਦੇ 235 ਸਿਲੰਡਰ ਗਾਇਬ ਹੋਣ ਦੀ ਘਟਨਾ ਸਾਹਮਣੇ ਆਈ ਹੈ। ਸਿਲੰਡਰ ਗਾਇਬ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਏਜੰਸੀ ਮਾਲਕ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਥਾਣਾ ਸਦਰ ਵਿਖੇ ਗੋਦਾਮ ਇੰਚਾਰਜ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਥਾਣਾ ਸਦਰ ਦੀ ਐਸਐਚਓ ਸੋਨਮਦੀਪ ਕੌਰ ਨੇ ਦੱਸਿਆ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ। ਥਾਣਾ ਸਦਰ 'ਚ ਦਰਜ ਹੋਏ ਮਾਮਲੇ ਅਨੁਸਾਰ ਖਾਲੂ ਇੰਡੇਨ ਗੈਸ ਏਜੰਸੀ ਦੇ ਮਾਲਕ ਪਰਵਿੰਦਰ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦਾ ਰੇਲ ਕੋਚ ਫੈਕਟਰੀ ਦੇ ਪਿੱਛੇ ਪਿੰਡ ਸੈਦੋਵਾਲ ਰੋਡ 'ਤੇ ਗੈਸ ਦਾ ਗੋਦਾਮ ਹੈ। ਜਿਸ ਦੀ ਸਾਂਭ-ਸੰਭਾਲ ਦਾ ਕੰਮ ਇੰਚਾਰਜ ਸੰਨੀ ਢੀਂਡਸਾ ਵਾਸੀ ਗਲੀ ਨੰਬਰ 9 ਮੁਹੱਲਾ ਨਾਮਦੇਵ ਕਪੂਰਥਲਾ ਪਿਛਲੇ ਇੱਕ ਸਾਲ ਤੋਂ ਦੇਖ ਰਿਹਾ ਸੀ। ਸੰਨੀ ਗੋਦਾਮ ਦਾ ਸਾਰਾ ਹਿਸਾਬ-ਕਿਤਾਬ ਦੇਖਦਾ ਸੀ। ਜਦੋਂ ਉਸ ਨੇ ਗੋਦਾਮ ਦਾ ਰਿਕਾਰਡ ਚੈੱਕ ਕੀਤਾ ਤਾਂ ਦੇਖਿਆ ਕਿ ਸੰਨੀ ਨੇ ਪਿਛਲੇ ਇਕ ਸਾਲ ਦੌਰਾਨ 235 ਗੈਸ ਸਿਲੰਡਰ ਵੱਡੇ ਅਤੇ ਛੋਟੇ ਗਾਇਬ ਕੀਤੇ ਸਨ। ਸਿਸਟਮ ਦੇ ਰਿਕਾਰਡ ਨਾਲ ਮੇਲ ਨਹੀਂ ਖਾਂਦਾ। ਏਜੰਸੀ ਮਾਲਕ ਨੇ ਇਹ ਵੀ ਦੱਸਿਆ ਕਿ ਸੰਨੀ ਪਿਛਲੇ 10 ਸਾਲਾਂ ਤੋਂ ਉਸਦੀ ਏਜੰਸੀ ਵਿੱਚ ਕੰਮ ਕਰ ਰਿਹਾ ਹੈ ਅਤੇ ਪਿਛਲੇ ਇੱਕ ਸਾਲ ਤੋਂ ਉਨ੍ਹਾਂ ਨੂੰ ਗੈਸ ਗੋਦਾਮ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ ਅਤੇ ਇਸ ਕਾਰਜਕਾਲ ਦੌਰਾਨ ਉਸਨੇ 235 ਗੈਸ ਸਿਲੰਡਰ ਗਾਇਬ ਕੀਤੇ ਹਨ।ਇਸ ਦੌਰਾਨ ਥਾਣਾ ਸਦਰ ਦੀ ਐਸਐਚਓ ਸੋਨਮਦੀਪ ਕੌਰ ਨੇ ਦੱਸਿਆ ਕਿ ਏਜੰਸੀ ਮਾਲਕ ਦੀ ਸ਼ਿਕਾਇਤ 'ਤੇ ਗੋਦਾਮ ਇੰਚਾਰਜ ਸੰਨੀ ਢੀਂਡਸਾ ਖ਼ਿਲਾਫ਼ ਬੀ ਐੱਨ ਐਸ ਦੀ ਧਾਰਾ 331 (4), 305 ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਫਿਲਹਾਲ ਆਰੋਪੀ ਦੀ ਗ੍ਰਿਫਤਾਰੀ ਨਹੀਂ ਹੋਈ।

# ਜ਼ਿਲ੍ਹਾ ਲੇਬਰ ਟਾਸਕ ਫੋਰਸ ਵੱਲੋਂ ਜ਼ਿਲ੍ਹੇ ਨੂੰ ਬਾਲ ਮਜ਼ਦੂਰੀ ਮੁਕਤ ਕਰਨ ਦਾ ਬੀੜਾ ਚੁੱਕਿਆਂ, ਅਚਨਚੇਤ ਚੈਕਿੰਗ ਮੁਹਿੰਮ ਜਾਰੀ

ਪੰਜਾਬ ਦਾ ਖੁਲਾਸਾ

**ਮਾਲੇਰਕੋਟਲਾ 21 ਨਵੰਬਰ (ਬੋਪਾਰਾਏ)**:- ਜ਼ਿਲ੍ਹੇ ਵਿੱਚੋਂ ਬਾਲ ਮਜ਼ਦੂਰੀ ਦੇ ਖਾਤਮੇ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ (ਐਨ.ਸੀ.ਪੀ.ਸੀ) ਦੀਆਂ ਹਦਾਇਤਾਂ ਤੇ ਬਾਲ ਅਤੇ ਕਿਸ਼ੋਰ ਮਜ਼ਦੂਰਾਂ ਦੀ ਸੁਰੱਖਿਆ ਅਤੇ ਮੁੜ ਵਸੇਬਾ ,ਬੱਚਿਆਂ ਦੇ ਪੁਨਰਵਾਸ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਦਿਸ਼ਾ ਨਿਰਦੇਸਾ ਤਹਿਤ ਵਪਾਰਿਕ,ਘਰੇਲੂ ਅਤੇ ਹੋਰ ਖੇਤਰਾਂ ਵਿਖੇ ਅਚਨਚੇਤ ਚੈਕਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਬਾਲ ਮਜ਼ਦੂਰੀ ਦੇ ਚੁੰਗਲ ਵਿੱਚ ਫਸੇ ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ । ਇਸੇ ਕੜੀ ਤਹਿਤ ਅੱਜ ਜ਼ਿਲ੍ਹਾ ਪੱਧਰੀ ਲੇਬਰ ਟਾਸਕ ਫੋਰਸ ਵਲੋਂ ਜ਼ਿਲ੍ਹੇ ਦੇ ਵਪਾਰਿਕ ਅਦਾਰਿਆਂ ਦੀ ਵਿਸ਼ੇਸ ਚੈਕਿੰਗ



ਕੀਤੀ ਗਈ ।

ਜਿਲਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਜ਼ਿਲ੍ਹੇ ਪੱਧਰ ਤੇ ਵਿਸ਼ੇਸ ਚੈਕਿੰਗ ਮੁਹਿੰਮ ਆਰੰਭ ਕੇ ਛੋਟੇ ਅਤੇ ਵੱਡੇ ਵਪਾਰਿਕ ਇਕਾਈਆਂ /ਫੈਕਟਰੀਆਂ ਦੀ ਚੈਕਿੰਗ ਕਰਕੇ ਉਨ੍ਹਾਂ ਦੇ ਮਾਲਕਾਂ/ ਮੈਨੇਂਜਰਾਂ/ ਸੁਪਰ ਵਾਇਜਰਾਂ /ਪ੍ਰਬੰਧਕਾਂ ਨੂੰ ਬਾਲ ਮਜ਼ਦੂਰੀ ਦੀ ਰੋਕਥਾਮ ਅਤੇ ਬੱਚਿਆਂ ਦੇ ਪੁਨਰਵਾਸ ਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ । ਇਸ ਮੌਕੇ ਲੇਬਰ ਇੰਸਪੈਕਟਰ ਪਵਨੀਤ ਕੌਰ ,ਡਿਪਟੀ ਡਾਇਰੈਕਟਰ ਫੈਕਟਰੀ ਸਾਹਿਲ ਗੋਇਲ, ਬਾਲ ਸੁਰੱਖਿਆ ਅਫਸਰ ਮੂਵੀਨ ਕੁਰੈਸ਼ੀ ਤੋਂ ਇਲਾਵਾ ਪੁਲਿਸ ਅਤੇ ਸਿੱਖਿਆ ਵਿਭਾਗ ਦੇ ਨੁਮਾਇੰਦੇ ਮੌਜੂਦ ਸਨ ।

ਜਿਲਾ ਲੇਬਰ ਟਾਸਕ ਫੋਰਸ ਵੱਲੋਂ ਫੈਕਟਰੀ ਦੇ ਮਾਲਕਾਂ ਨੂੰ ਸੁਚੇਤ ਕੀਤਾ ਗਿਆ ਕਿ 18 ਸਾਲ ਤੋਂ ਘੱਟ ਕਿਸੇ ਬੱਚੇ ਤੋਂ ਕੰਮ ਨਹੀਂ ਕਰਵਾਇਆ ਜਾ ਸਕਦਾ ਹੈ । ਇਨ੍ਹਾਂ ਤੋਂ ਕੰਮ ਕਰਵਾਉਣਾ ਇੱਕ ਸਜਾ ਯੋਗ ਅਪਰਾਧ ਹੈ। ਕਿਸੇ ਵੀ ਬਾਲ ਨੂੰ ਕੰਮ ਤੇ ਨਹੀਂ ਰੱਖਿਆ ਜਾ ਸਕਦਾ । ਇਸ ਤਰ੍ਹਾਂ ਦੀ ਚੈਕਿੰਗ ਤੇ ਜਾਗਰੂਕਤਾ ਮੁਹਿੰਮ ਭਵਿੱਖ ਵਿੱਚ ਜਾਰੀ ਰਹੇਗੀ ।

ਇਸ ਮੌਕੇ ਉਨ੍ਹਾਂ ਬਾਲ ਮਜ਼ੂਦਰਾਂ ਦੇ ਪੁਨਰਵਾਸ ਅਤੇ ਰੀਹੈਬਿਲੀਟੇਸ਼ਨ ਬਾਰੇ ਵਿਸਥਾਰਪੂਰਕ ਜਾਣਕਾਰੀ ਸਾਂਝੀ ਕੀਤੀ ਅਤੇ ਉਨ੍ਹਾਂ ਦੱਸਿਆ ਕਿ ਅਜਿਹੇ ਬੱਚਿਆਂ ਦੇ ਚੰਗੇ ਭਵਿੱਖ ,ਉਜਵਲ ਅਤੇ ਸੁਨਿਹਰੇ ਭਵਿੱਖ ਲਈ ਪੜ੍ਹਾਈ ਨਾਲ ਜੋੜ੍ਹਨ ਦੇ ਉਪਰਾਲੇ ਕੀਤੇ ਜਾਂਦੇ ਹਨ ਤਾਂ ਜੋ ਵੱਡਾ ਹੋਕੇ ਆਤਮ ਨਿਰਭਰ ਬਣ ਸਕੇ । ਜੇਕਰ 18 ਸਾਲ ਤੋਂ ਘੱਟ ਉਮਰ ਦੇ ਬੱਚੇ ਕੰਮ ਕਰਦੇ ਪਾਏ ਗਏ ਤਾਂ ਉਨ੍ਹਾਂ ਵਿਰੁੱਧ ਸਖਤ ਬਣਦੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ ।

# ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਲਾਨਾ ਪ੍ਰਾਇਮਰੀ ਖੇਡਾਂ ਦਾ ਸ਼ਾਨਦਾਰ ਸਮਾਪਨ

ਪੰਜਾਬ ਦਾ ਖੁਲਾਸਾ

**ਸ੍ਰੀ ਅਨੰਦਪੁਰ ਸਾਹਿਬ 21 ਨਵੰਬਰ (ਕੰਵਲ ਜੋਤ ਸਿੰਘ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਰਹਿਨੁਮਾਈ ਅਤੇ ਡਾਇਰੈਕਟੋਰੇਟ ਆਫ ਅਜੂਕੇਸ਼ਨ ਦੇ ਦਿਸ਼ਾ ਨਿਰਦੇਸ਼ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਸੈਸ਼ਨ 2024-25 ਲਈ ਸਾਲਾਨਾ ਪ੍ਰਾਇਮਰੀ ਖੇਡਾਂ ਦਾ ਆਯੋਜਨ ਕੀਤਾ ਗਿਆ। ਮਿਤੀ 21 ਨਵੰਬਰ 2024 ਨੂੰ ਪਿਛਲੇ ਕਈ ਰੋਜ਼ ਤੋਂ ਚੱਲ ਰਹੀਆਂ ਖੇਡਾਂ ਦੇ ਫਾਈਨਲ ਅੱਜ ਵਿਸ਼ੇਸ਼ ਸਮਾਗਮ ਕਰਵਾ ਕੇ ਸਮਾਪਨ ਕੀਤਾ ਗਿਆ । ਅੱਜ ਸ਼ਾਨਦਾਰ ਮੌਸਮ ਵਿਚ ਇਸ ਵਿਸ਼ੇਸ਼ ਮੌਕੇ ਤੇ ਸਬ ਡਵੀਜਨ ਸ੍ਰੀ ਅਨੰਦਪੁਰ ਸਾਹਿਬ ਦੇ ਡੀ. ਐਸ.ਪੀ. ਸ੍ਰੀ ਅਜੇ ਸਿੰਘ ਪੀ.ਪੀ. ਐਸ.ਨੇ ਉਚੇਚੇ ਤੌਰ ਸ਼ਿਰਕਤ ਕੀਤੀ।ਦੂਸਰੀ ਜਮਾਤ ਦੇ ਵਿਦਿਆਰਥੀਆਂ ਨੇ ਉਹਨਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆਂ ਕਿਹਾ । ਉਹ ਛੋਟੇ-ਛੋਟੇ ਵਿਦਿਆਰਥੀ ਦੇ ਟੇਲੈਂਟ ਨੂੰ ਦੇਖਕੇ



ਵਿਦਿਆਰਥੀਆਂ ਦੇ ਜੋਸ਼ ਅਤੇ ਅਨੁਸ਼ਾਸਨ ਨੂੰ ਦੇਖ ਕੇ ਬਹੁਤ ਖੁਸ਼ ਹੋਏ । ਉਹਨਾਂ ਨੇ ਪਹਿਲਾ ,ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ । ਉਹਨਾਂ ਨੇ ਸਮੂਹ ਸਟਾਫ ,ਜਿਨਾਂ ਨੇ ਬਹੁਤ ਹੀ ਮਿਹਨਤ ਕਰਕੇ ਇਸ ਪ੍ਰਤੀਯੋਗਤਾ ਨੂੰ ਸਫਲ ਬਣਾਇਆ , ਦੀ ਸ਼ਲਾਘਾ ਕੀਤੀ। ਕਿਹਾ ਸਾਡੇ ਪੰਜਾਬੀਆਂ ਵਿਚ ਖੇਡਾਂ ਵਿਚ ਮੱਲਾਂ ਮਾਰਨ ਦਾ ਬਹੁਤ ਜ਼ਜਬਾ ਹੈ ਬਸ ਇਸ ਨੂੰ ਸਹੀ ਦਿਸ਼ਾ ਦੀ ਲੋੜ ਹੈ ਅਤੇ ਭਵਿੱਖ ਵਿਚ ਵਿਦਿਆਰਥੀਆਂ ਨੂੰ ਇਸੇ ਤਰਾਂ ਪੜਾਈ ਦੇ ਨਾਲ-ਨਾਲ ਖੇਡਾਂ ਵਿਚ ਭਾਗ ਲੈ ਕੇ ਮਾਪਿਆਂ , ਅਧਿਆਪਕਾਂ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਦੀ ਤਾਕੀਦ ਕੀਤੀ ।

# ਵਧੀਕ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਵਿੱਚ ਹੋਈ ਸ਼ਹੀਦੀ ਸਮਾਰਕ ਵੱਡਾ ਘੱਲੂਘਾਰਾ ਮੈਮੋਰੀਅਲ ਕੁੱਪ ਰੋਹੀੜਾ ਦੀ ਗਵਰਨਿੰਗ ਬਾਡੀ ਦੀ ਮੀਟਿੰਗ

ਪੰਜਾਬ ਦਾ ਖੁਲਾਸਾ

**ਮਾਲੇਰਕੋਟਲਾ 21 ਨਵੰਬਰ (ਬੋਪਾਰਾਏ)** :- ਵਧੀਕ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਸੁਖਪ੍ਰੀਤ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਸ਼ਹੀਦੀ ਸਮਾਰਕ ਵੱਡਾ ਘੱਲੂਘਾਰਾ ਮੈਮੋਰੀਅਲ ਕੁੱਪ ਰੋਹੀੜਾ ਦੀ ਗਵਰਨਿੰਗ ਬਾਡੀ ਦੀ ਮੀਟਿੰਗ ਅੱਜ ਦਫ਼ਤਰ ਡਿਪਟੀ ਕਮਿਸ਼ਨਰ ਦੇ ਮੀਟਿੰਗ ਹਾਲ ਵਿੱਚ ਆਯੋਜਿਤ ਕੀਤੀ ਗਈ । ਇਸ ਮੌਕੇ ਉਪ ਮੰਡਲ ਮੈਜਿਸਟਰੇਟ ਹਰਬੰਸ ਸਿੰਘ, ਐਕਸ਼ੀਅਨ ਪੀ.ਡਬਲਿਊ.ਡੀ ਪਰਨੀਤ ਕੌਰ ਟਿਵਾਣਾ, ਡੀ.ਐਸ.ਪੀ (ਐਚ) ਮਾਨਵਜੀਤ ਸਿੰਘ ਸਿੱਧੂ, ਡਿਪਟੀ ਕੰਟਰੋਲਰ ਪਰਵੀਨ, ਸਹਾਇਕ ਇੰਜੀਨੀਅਰ ਦਵਿੰਦਰ ਸਿੰਘ, ਜੂਨੀਅਰ ਇੰਜੀਨੀਅਰ ਹਰਜੀਤ ਸਿੰਘ, ਜੂਨੀਅਰ ਇੰਜ ਬਲਪ੍ਰੀਤ ਸਿੰਘ ਤੋਂ ਇਲਾਵਾ ਤੋਂ ਇਲਾਵਾ ਵੱਖ



ਵੱਖ ਵਿਭਾਗਾਂ ਦੇ ਨੁਮਾਇੰਦੇ ਮੌਜੂਦ ਸਨ ।

ਉਨ੍ਹਾਂ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਰਕ ਦੀ ਰੱਖ ਰਖਾਓ ਲਈ ਸੁਚੱਜੇ ਪ੍ਰਬੰਧ ਕੀਤੇ ਜਾਣ ਤਾਂ ਜੋ ਬਿਨਾਂ ਰੁਕਾਵਟ ਤੋਂ ਕੰਮ ਨਿਰੰਤਰ ਚਲਦਾ ਰਹੇ । ਉਨ੍ਹਾਂ ਹੋਰ ਕਿਹਾ ਕਿ ਸ਼ਹੀਦੀ ਸਮਾਰਕ ਵੱਡਾ ਘੱਲੂਘਾਰਾ ਮੈਮੋਰੀਅਲ ਕੁੱਪ ਰੋਹੀੜਾ ਵਿਖੇ ਆਉਣ ਵਾਲੇ ਯਾਤਰੀਆਂ ਦੀ ਦਰ ਵਧਾਉਣ ਲਈ ਵਿਸ਼ੇਸ ਉਪਰਾਲੇ ਕੀਤੇ ਜਾਣ । ਉਨ੍ਹਾਂ ਹਦਾਇਤ ਕੀਤੀ ਕਿ ਮੁੱਖ ਮਾਰਗਾਂ ਤੇ ਸ਼ਹੀਦੀ ਸਮਾਰਕ ਦੇ ਸਾਈਨ ਬੋਰਡ ਲਗਾਏ ਜਾਣ ਤਾਂ ਜੋ ਯਾਤਰੀਆਂ ਨੂੰ ਸਥਾਨ ਦੀ ਦੂਰੀ ਅਤੇ ਸਹੀ ਰਸਤੇ ਦੀ ਜਾਣਕਾਰੀ ਮਿਲ ਸਕੇ ।

ਉਨ੍ਹਾਂ ਮੈਮੋਰੀਅਲ ਇੰਚਾਰਜ ਨੂੰ ਹਦਾਇਤ ਕੀਤੀ ਕਿ ਸਰਧਾਲੂਆਂ ਨੂੰ ਇਸ ਮਹਾਨ ਯਾਦਗਾਰ ਵਿਖੇ ਸਿੱਖੀ ਇਤਿਹਾਸ ਦੇ ਦਸਤਾਵੇਜ਼ੀ ਫ਼ਿਲਮ ਵਿਖਾਉਂਣ ਲਈ ਸਮਾਂਬੱਧ ਤਰੀਕੇ ਨਾਲ ਫ਼ਿਲਮ ਦੇ ਸ਼ੋਅ ਕੀਤੇ ਜਾਣ ਅਤੇ ਇਤਿਹਾਸ ਨਾਲ ਸਬੰਧਿਤ ਜਾਣਕਾਰੀ ਭਰਪੂਰ ਫ਼ਿਲਮਾਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਇਤਿਹਾਸ ਨਾਲ ਜੋੜਿਆ ਜਾ ਸਕੇ । ਉਨ੍ਹਾਂ ਕਿਹਾ ਕਿ ਸਮਾਰਕ ਤੇ ਪੀਣ ਯੋਗ ਸਾਫ ਸੁਥਰੇ ਪਾਣੀ,ਪਖਾਨਿਆਂ ਦੀ ਸਫਾਈ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ ।

# ਪੰਜਾਬ ਭਵਨ ਸਰੀ ਕਨੇਡਾ ਦੇ ਸੰਸਥਾਪਕ ਸੁੱਖੀ ਬਾਠ ਵੱਲੋਂ ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਗੋਲਡ ਮੈਡਲ ਨਾਲ ਸਨਮਾਨਿਤ

ਪੰਜਾਬ ਦਾ ਖੁਲਾਸਾ

**ਬਠਿੰਡਾ 21 ਨਵੰਬਰ (ਜਸਵੰਤ ਦਰਦ ਪ੍ਰੀਤ)**- ਪੰਜਾਬ ਭਵਨ ਸਰੀ ਕਨੇਡਾ ਦੇ ਸੰਸਥਾਪਕ ਸੁੱਖੀ ਬਾਠ ਵੱਲੋਂ ਬਾਲ ਸਾਹਿਤ ਵਿੱਚ ਪੰਜਾਬੀ ਮਾਂ ਬੋਲੀ ਨੂੰ ਉਤਸ਼ਾਹਿਤ ਕਰਨ ਲਈ ਨਵੀਆਂ ਕਲਮਾਂ ਨਵੀਂ ਉਡਾਣ' ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਦੇ ਤਹਿਤ ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਕਾਨਫਰੰਸ ਅਕਾਲ ਕਾਲਜ ਮਸਤੂਆਣਾ ਸਾਹਿਬ ਵਿਖੇ ਹੋਈ।ਜਿਸ ਵਿੱਚ ਪ੍ਰੋਜੈਕਟ ਇੰਚਾਰਜ ਨਵੀਆਂ ਕਲਮਾਂ ਨਵੀਂ ਉਡਾਣ ਉਂਕਾਰ ਸਿੰਘ ਤੇਜੇ ਨੂੰ ਬਿਹਤਰੀਨ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸ.ਉਂਕਾਰ ਸਿੰਘ ਤੇਜੇ ਨੇ ਸ਼੍ਰੀ ਸੁੱਖੀ ਬਾਠ ਦਾ ਧੰਨਵਾਦ ਕਰਦਿਆਂ





ਕਿਹਾ ਕਿ ਭਵਿੱਖ ਵਿੱਚ ਇਸੇ ਤਰ੍ਹਾਂ ਮਿਹਨਤ ਕਰਕੇ ਇਸ ਨਵੀਆਂ ਕਲਮਾਂ ਨਵੀਂ ਉਡਾਣ' ਪ੍ਰੋਜੈਕਟ ਨੂੰ ਹੋਰ ਬੁਲੰਦੀਆਂ ਤੇ ਲਿਜਾ ਕੇ ਬਾਲ ਸਾਹਿਤ ਨੂੰ ਉਤਸ਼ਾਹਿਤ ਕਰਨ ਲਈ ਦਿਨ ਰਾਤ ਕੰਮ ਕਰਨਗੇ।ਉਨ੍ਹਾਂ ਜਾਣਕਾਰੀ ਦਿੱਤੀ ਕਿ ਨਵੀਆਂ ਕਲਮਾਂ ਨਵੀਂ ਉਡਾਣ' ਪ੍ਰੋਜੈਕਟ ਨੂੰ ਅੱਗੇ ਲਿਜਾਣ ਲਈ ਯੋਜਨਾਬੰਦੀ ਕਰ ਲਈ ਗਈ ਹੈ। ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਨੂੰ ਅੱਜ ਗੋਲਡ ਮੈਡਲ ਨਾਲ ਸਨਮਾਨਿਤ ਕਰਨ ਤੇ ਪ੍ਰੋਜੈਕਟ ਮੀਡੀਆ ਇੰਚਾਰਜ ਗੁਰਵਿੰਦਰ ਸਿੰਘ ਕਾਂਗੜ ਜੀ ਵੱਲੋਂ ਖੁਸੀ ਜਾਹਿਰ ਕਰਦਿਆਂ ਕਿਹਾ ਗਿਆ ਕਿ ਉਂਕਾਰ ਸਿੰਘ ਇਸ ਗੋਲਡ ਮੈਡਲ ਦਾ ਹੱਕਦਾਰ ਸੀ,ਉਸ ਨੇ ਆਪਣੀ ਦਿਨ ਰਾਤ ਦੀ ਮੇਹਨਤ ਨਾਲ ਇਸ ਪ੍ਰੋਜੈਕਟ ਨੂੰ ਸਿਖਰ ਤੇ ਪਹੁੰਚਾਇਆ ਹੈ। ਇਸ ਉਸ ਦੀ ਮਿਹਨਤ ਦਾ ਹੀ ਸਿੱਟਾ ਹੈ।

# ਤਿੰਨ ਰੋਜ਼ਾ ਗੁਰਮਤਿ ਸਮਾਗਮ ਅੱਜ ਤੋ

ਪੰਜਾਬ ਦਾ ਖੁਲਾਸਾ

**ਸੰਦੌੜ 21 ਨਵੰਬਰ (ਬੋਪਾਰਾਏ)**: ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਤਿੰਨ ਰੋਜਾ ਗੁਰਮਤਿ ਸਮਾਗਮ ਗੁਰਦੁਆਰਾ ਬਾਬਾ ਤਾਰਾ ਸਿੰਘ ਸਾਹਿਬ ਪਿੰਡ ਕੁਠਾਲਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਗਟ ਸਿੰਘ ਕੁਠਾਲਾ ਨੇ ਦੱਸਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ



ਛਾਇਆ ਹੇਠ ਕਰਵਾਏ ਜਾ ਰਹੇ ਤਿੰਨ ਰੋਜ਼ਾਂ ਗੁਰਮਤ ਸਮਾਗਮ ਵਿੱਚ 22 ਨਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 24 ਨਵੰਬਰ ਐਤਵਾਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਗੁਰਮਤਿ ਸਮਾਗਮ ਵਿੱਚ ਸੰਤ ਬਾਬਾ ਬਲਕਾਰ ਸਿੰਘ ਜੀ ਪੰਜਗਰਾਈਆਂ ਵਾਲਿਆ ਵੱਲੋਂ ਰਾਤ ਸਾਢੇ ਸੱਤ ਵਜੇ ਤੋਂ ਦਸ ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਪੰਜਾਬ ਦਾ ਖੁਲਾਸਾ



# ਜਿਮਨੀ ਚੋਣਾਂ ਦਾ ਕੰਮ ਮੁੱਕਿਆ ਤਾਂ ਜ਼ਮੀਨਾਂ ਦੇ ਕਬਜੇ ਲੈਣ ਲਈ ਮੁੱਠੀਆਂ 'ਚ ਥੁੱਕਿਆ

ਪੰਜਾਬ ਦਾ ਖੁਲਾਸਾ



**ਬਠਿੰਡਾ, 21ਨਵੰਬਰ (ਅਸ਼ੋਕ ਵਰਮਾ)** :ਜਿਮਨੀ ਚੋਣਾਂ ਦਾ ਕੰਮ ਮੁੱਕਦਿਆਂ ਪੰਜਾਬ ਸਰਕਾਰ ਨੇ ਬਠਿੰਡਾ ਜਿਲ੍ਹੇ ਵਿੱਚ ਦੀ ਗੁਜ਼ਰਨ ਵਾਲੇ ਭਾਰਤਮਾਲਾ ਸੜਕ ਮਾਰਗ ਲਈ ਅੜਿੱਕੇ ਦੂਰ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸ ਪ੍ਰਾਜੈਕਟ ਤਹਿਤ ਜਿਆਦਾਤਰ ਜ਼ਮੀਨਾਂ ਦੇ ਕਬਜ਼ੇ ਦੇ ਦਿੱਤੇ ਗਏ ਹਨ ਅਤੇ ਤਿੰਨ ਪਿੰਡਾਂ ਦੀ ਜਮੀਨ ਦਾ ਕਬਜ਼ਾ ਬਾਕੀ ਸੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਰਕਾਰ ਦੀ ਕੀਤੀ ਜਾ ਰਹੀ ਖਿਚਾਈ ਕਾਰਨ ਅੱਜ ਬਠਿੰਡਾ ਦੇ ਜਿਲ੍ਹਾ ਪ੍ਰਸ਼ਾਸਨ ਨੇ ਪੁਲਿਸ ਦੀ ਵੱਡੀ ਨਫਰੀ ਤਾਇਨਾਤ ਕਰਕੇ ਤੜਕਸਾਰ ਸੰਗਤ ਬਲਾਕ ਵਿੱਚ ਪੈਂਦੇ ਤਿੰਨ ਪਿੰਡਾਂ ਦੀ ਜਮੀਨ ਦਾ ਤੜਕਸਾਰ ਕਬਜਾ ਲੈ ਲਿਆ । ਐਡੀਸ਼ਨਲ ਡਿਪਟੀ ਕਮਿਸ਼ਨਰ ਆਰਪੀ ਸਿੰਘ ਅਤੇ ਐਸਡੀਐਮ ਬਠਿੰਡਾ ਬਲਕਰਨ ਸਿੰਘ ਮਾਹਲ ਦੀ ਅਗਵਾਈ ਹੇਠ ਪ੍ਰਸ਼ਾਸ਼ਨ ਨੇ ਪਿੰਡ ਸ਼ੇਰਗੜ੍ਹ ਤੇ ਦੁਨੇਵਾਲਾ ਵਿੱਚ ਬਲਡੋਜ਼ਰ ਤੇ ਟਰੈਕਟਰ ਚਲਾਏ।

ਪਤਾ ਲੱਗਿਆ ਹੈ ਕਿ ਇੱਕ ਵਾਰ ਪਹਿਲਾਂ ਇਸ ਜਮੀਨ ਨੂੰ ਪ੍ਰਸ਼ਾਸ਼ਨ ਨੇ ਕਬਜੇ 'ਚ ਲਿਆ ਸੀ ਪਰ ਕਿਸਾਨਾਂ ਨੇ ਕਬਜਾ ਖਤਮ ਕਰਵਾਕੇ ਜਮੀਨ ਤੇ ਫਸਲ ਦੀ ਬਿਜਾਈ ਕਰ ਦਿੱਤੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਸ਼ਾਸ਼ਨ ਵੱਲੋਂ ਪਿਛਲੇ ਦਿਨਾਂ ਤੋਂ ਇਸ ਸਬੰਧ ਵਿੱਚ ਵਿਉਂਤਬੰਦੀ ਕੀਤੀ ਜਾ ਰਹੀ ਸੀ ,ਸਿਰਫ ਇੰਤਜਾਰ ਜਿਮਨੀ ਚੋਣਾਂ ਦਾ ਅਮਲ ਸਮਾਪਤ ਹੋਣ ਦਾ ਕੀਤਾ ਜਾ ਰਿਹਾ ਸੀ। ਅੱਜ ਸਵੇਰ ਵਕਤ ਅਧਿਕਾਰੀਆਂ ਨੇ ਪੁਲਿਸ ਦੀ ਭਾਰੀ ਨਫਰੀ ਤਾਇਨਾਤ ਕਰ ਦਿੱਤੀ ਅਤੇ ਕਬਜਾ ਲੈਣ ਦਾ ਕੰਮ ਸ਼ੁਰੂ ਕਰ ਦਿੱਤਾ। ਭਾਰਤ ਮਾਲਾ ਪ੍ਰੋਜੈਕਟ ਤਹਿਤ ਇਹਨਾਂ ਪਿੰਡਾਂ ਵਿੱਚ ਅੱਠ ਕਿਲੋਮੀਟਰ ਸੜਕ ਦਾ ਕੰਮ ਬਾਕੀ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ।

ਹਾਲਾਂਕਿ ਪ੍ਰਸ਼ਾਸਨ ਦੀ ਇਸ ਕਾਰਵਾਈ ਦਾ ਪਤਾ ਲੱਗਦਿਆਂ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੌਕੇ 'ਤੇ ਪੁੱਜ ਕੇ ਵਿਰੋਧ ਵੀ ਕੀਤਾ ਪਰ ਪੁਲਿਸ ਕਾਰਨ ਉਹ ਪ੍ਰਸ਼ਾਸਨ ਦੇ ਕੰਮ ਨੂੰ ਰੋਕਣ ਵਿੱਚ ਅਸਫਲ ਰਹੇ। ਕਿਸਾਨਾਂ ਨੇ ਕਿਹਾ ਕਿ ਕਿਸਾਨਾਂ ਦੀ ਜ਼ਮੀਨ ਲੁੱਟੀ ਜਾ ਰਹੀ ਹੈ। ਕਿਸਾਨ ਆਗੂ ਰਾਮ ਸਿੰਘ ਦਾ ਕਹਿਣਾ ਸੀ ਕਿ ਕਿਸਾਨਾਂ ਲਈ ਮੁਆਵਜ਼ਾ ਵੱਡਾ ਮੁੱਦਾ ਹੈ ਜਿਸ ਬਾਰੇ ਸੁਣਵਾਈ ਨਹੀਂ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਿਸਾਨ ਤਾਂ ਪਹਿਲਾਂ ਹੀ ਆਰਥਿਕ ਤੌਰ 'ਤੇ ਝੰਬੇ ਹੋਏ ਹਨ ਅਤੇ ਹੁਣ ਉਨ੍ਹਾਂ ਨੂੰ ਨਿਗੂਣਾ ਮੁਆਵਜਾ ਦੇ ਕੇ ਉਨ੍ਹਾਂ ਦੀਆਂ ਜਮੀਨਾਂ 'ਤੇ ਧੱਕੇ ਨਾਲ ਕਬਜ਼ਾ ਕੀਤਾ ਗਿਆ ਹੈ।

ਕਿਸਾਨ ਆਗੂ ਨੇ ਦਾਅਵਾ ਕੀਤਾ ਕਿ ਪਥਰਾਲਾ ਅਤੇ ਕੋਟਸ਼ਮੀਰ ਵਿੱਚ ਇਸ ਪ੍ਰੋਜੈਕਟ ਲਈ ਮੁਆਵਜਾ ਵੱਧ ਅਤੇ ਇੰਨ੍ਹਾਂ ਪਿੰਡਾਂ ਵਿੱਚ ਮੁਆਵਜਾ ਘੱਟ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਮੁਆਵਜਾ ਵੀ ਸਾਂਝੇ ਖਾਤਿਆਂ ਦੇ ਵਿੱਚ ਪਾ ਦਿੱਤਾ ਗਿਆ ਜਦੋਂ ਕਿ ਅਸਲੀ ਕਾਸ਼ਤਕਾਰ ਮੁਆਵਜੇ ਤੋਂ ਵਾਂਝੇ ਰਹਿ ਗਏ ਹਨ । ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦਾ ਵਿਰੋਧ ਨਹੀਂ ਬਲਕਿ ਉਨ੍ਹਾਂ ਦੀ ਮੰਗ ਹੈ ਕਿ ਜਾਇਜ ਅਤੇ ਕਾਸ਼ਤਕਾਰ ਕਿਸਾਨਾਂ ਨੂੰ ਹੀ ਮੁਆਵਜ਼ਾ ਦਿੱਤਾ ਜਾਏ ਜੋ ਇਸ ਤੋਂ ਪਹਿਲਾਂ ਅਤੇ ਬਾਅਦ ਵਾਲੇ ਪਿੰਡਾਂ ਦੇ ਕਿਸਾਨਾਂ ਨੂੰ ਮਿਲਿਆ ਹੈ। ਭੌਂ ਪ੍ਰਾਪਤੀ ਕੇਸਾਂ ਇੱਕ ਦੇ ਮਾਹਿਰ ਨੇ ਦੱਸਿਆ ਕਿ ਅਸਲ ਵਿੱਚ ਬਾਕੀ ਸੂਬਿਆਂ ਦੇ ਨਿਸਬਤ ਪੰਜਾਬ ਦੀ ਜ਼ਮੀਨ ਉਪਜਾਊ ਜ਼ਿਆਦਾ ਹੈ ਪ੍ਰੰਤੂ ਸਰਕਾਰ ਵੱਲੋਂ ਜ਼ਮੀਨ ਦਾ ਬਣਦਾ ਮੁੱਲ ਨਹੀਂ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਦੇ ਨਤੀਜੇ ਵਜੋਂ ਕੌਮੀ ਸੜਕ ਅਥਾਰਿਟੀ ਨੂੰ ਕਬਜ਼ੇ ਨਹੀਂ ਮਿਲ ਰਹੇ ਹਨ। ਉਨ੍ਹਾਂ ਮਿਸਾਲ ਦਿੱਤੀ ਕਿ ਬਠਿੰਡਾ-ਡੱਬਵਾਲੀ ਸੜਕ ਮਾਰਗ 'ਤੇ ਵੀ ਅਜਿਹਾ ਹੀ ਹੋ ਰਿਹਾ ਹੈ। ਗੌਰਤਲਬ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਸਮਾਂ ਪਹਿਲਾਂ ਹੀ ਉੱਚ ਅਫ਼ਸਰਾਂ ਨੂੰ ਇਸ ਪ੍ਰਾਜੈਕਟ ਲਈ ਰਾਹ ਪੱਧਰਾ ਕਰਨ ਲਈ ਕਿਹਾ ਸੀ। ਚੇਤੇ ਰਹੇ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪਿਛਲੇ ਦਿਨਾਂ 'ਚ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਅਮਨ ਕਾਨੂੰਨ ਦੇ ਹਵਾਲੇ ਨਾਲ ਅੱਠ ਸੜਕੀ ਪ੍ਰੋਜੈਕਟ ਰੱਦ ਕਰਨ ਦੀ ਧਮਕੀ ਦਿੱਤੀ ਸੀ। ਏਡੀਸੀ ਆਰ.ਪੀ ਸਿੰਘ ਨੇ ਇਸ ਸਬੰਧੀ ਪੁਸ਼ਟੀ ਕਰਦਿਆਂ ਦੱਸਿਆ ਕਿ ਕਰੀਬ ਦੋ ਸਾਲ ਪਹਿਲਾਂ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ ਪ੍ਰੰਤੂ ਕਬਜ਼ਾ ਨਾਂ ਮਿਲਣ ਕਾਰਨ ਪ੍ਰੋਜੈਕਟ ਲਟਕ ਰਿਹਾ ਸੀ। ਉਹਨਾਂ ਦਾਅਵਾ ਕੀਤਾ ਕਿ ਅੱਜ ਦੀ ਇਹ ਕਾਰਵਾਈ ਸ਼ਾਂਤੀਪੂਰਵਕ ਰਹੀ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੁੱਦਿਆਂ ਦਾ ਹੱਲ ਪ੍ਰਸ਼ਾਸਨ ਨਾਲ ਮਿਲ ਬੈਠਕੇ ਕਰਵਾਉਣ ਨਾ ਕਿ ਰੁਕਾਵਟ ਬਣਨ।

# ਪਰਾਲੀ ਦੇ ਖੇਤਾਂ ਵਿੱਚ ਲੱਗੀ ਹੋਈ ਅੱਗ ਨੂੰ ਮੌਕੇ ਤੇ ਜਾ ਕੇ ਬੁਝਵਾਇਆ ਜਾ ਰਿਹਾ ਹੈ-ਡਿਪਟੀ ਕਮਿਸ਼ਨਰ

ਪੰਜਾਬ ਦਾ ਖੁਲਾਸਾ

**ਦੋਦਾ / ਸ੍ਰੀ ਮੁਕਤਸਰ ਸਾਹਿਬ 21ਨਵੰਬਰ-** ਮਾਨਯੋਗ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਤਾਇਨਾਤ ਕੀਤੇ ਨੋਡਲ ਅਫਸਰਾਂ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆ ਦੇ ਸਹਿਯੋਗ ਨਾਲ ਪਰਾਲੀ ਅਤੇ ਪਰਾਲੀ ਰਹਿੰਦ ਖੂੰਹਦ ਨੂੰ ਲੱਗੀ ਹੋਈ ਅੱਗ ਨੂੰ ਮੌਕੇ ਤੇ ਜਾ ਕੇ ਬੁਝਾਇਆ ਜਾ ਰਿਹਾ ਹੈ, ਇਹ ਜਾਣਕਾਰੀ ਸ੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਨੇ ਪਿੰਡ ਦੋਦਾ, ਲੁਹਾਰਾ, ਬੁੱਟਰ ਸਰੀਂਹ ਅਤੇ ਭਲਾਈਆਣਾ ਦੇ ਪਿੰਡਾਂ ਦੇ ਖੇਤਾਂ ਦਾ ਜਾਇਜਾ ਲੈਂਦਿਆਂ ਦਿੱਤੀ।



ਉਹਨਾਂ ਅੱਗੇ ਦੱਸਿਆ ਕਿ ਜਦੋਂ ਵੀ ਕੋਈ ਪਰਾਲੀ ਸੜਣ ਦਾ ਮਾਮਲੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਜੁੰਮੇਵਾਰ ਅਧਿਕਾਰੀਆਂ ਵਲੋਂ ਪਰਾਲੀ ਦੇ ਖੇਤਾਂ ਵਿੱਚ ਮੌਕੇ ਤੇ ਜਾ ਕੇ ਲੱਗੀ ਹੋਈ ਅੱਗ ਤੇ ਕਾਬੂ ਪਾਇਆ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅੱਗ ਲਗਾਉਣ ਨਾਲ ਖੇਤੀ ਯੋਗ ਉਪਜਾਓ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਜਮੀਨ ਨੂੰ ਉਪਜਾਊ ਬਨਾਉਣ ਲਈ ਬੇਲੋੜੀ ਖਾਦਾਂ ਦੀ ਵਰਤੋ ਕਰਨੀ ਪੈਂਦੀ ਹੈ, ਜਿਸ ਨਾਲ ਉਹਨਾਂ ਨੂੰ ਬਹੁਤ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਕਿਹਾ ਕਿ ਪਰਾਲੀ ਦੀ ਰਹਿੰਦ ਖੂੰਹਦ ਨੂੰ ਜਮੀਨ ਵਿਚ ਵਾਹਿਆ ਜਾਵੇ ਤਾਂ ਜੋ ਜਮੀਨ ਦੀ ਉਪਜਾਊ ਤਾਕਤ ਸਦਾ ਲਈ ਬਰਕਰਾਰ ਰਹਿ ਸਕੇ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੈਟੇਲਾਈਟ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਦੇ ਆਧਾਰ ਤੇ ਹੀ ਪਰਾਲੀ ਅਤੇ ਪਰਾਲੀ ਦੀ ਰਹਿੰਦ ਖੂੰਹਦ ਨੂੰ ਲੱਗੀ ਹੋਈ ਖੇਤਾਂ ਦੇ ਮਾਲਕਾਂ ਵਿਰੁੱਧ ਸਰਕਾਰ ਦੇ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਸ ਮੌਕੇ ਸ.ਗੁਰਨਾਮ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਕਿਹਾ ਕਿ ਜੇਕਰ ਉਹਨਾਂ ਨੂੰ ਪਰਾਲੀ ਪ੍ਰਬੰਧਨ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਤੋਂ ਇਲਾਵਾ ਖੇਤੀਬਾੜੀ ਵਿਭਾਗ ਨਾਲ ਜਰੂਰ ਸੰਪਰਕ ਕਰਨ।

## ਜ਼ਿਲ੍ਹਾ ਮੈਜਿਸਟਰੇਟ ਨੇ ਗਿਣਤੀ ਕੇਂਦਰ ਦੇ 200 ਮੀਟਰ ਦੇ ਘੇਰੇ ਵਿੱਚ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਤੇ ਲਗਾਈ ਪਾਬੰਦੀ

ਪੰਜਾਬ ਦਾ ਖੁਲਾਸਾ



**ਸ੍ਰੀ ਮੁਕਤਸਰ ਸਾਹਿਬ 21 ਨਵੰਬਰ-** ਸ੍ਰੀ ਰਾਜੇਸ਼ ਤ੍ਰਿਪਾਠੀ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਸ੍ਰੀ ਮੁਕਤਸਰ ਸਾਹਿਬ ਨੇ ਭਾਰਤੀਯ ਨਾਗਰਿਕ ਸੁਰੱਖਿਆ ਸੁਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ 23 ਨਵੰਬਰ 2024 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਗਿੱਦੜਬਾਹਾ ਵਿਖੇ ਗਿਣਤੀ ਕੇਂਦਰ ਦੇ 200 ਮੀਟਰ ਦੇ ਘੇਰੇ ਵਿੱਚ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।

ਜਿਲ੍ਹਾ ਮੈਜਿਸਟਰੇਟ ਦੇ ਇੱਕ ਹੋਰ ਹੁਕਮ ਅਨੁਸਾਰ ਹੀ ਗਿਣਤੀ ਵਾਲੇ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਗਿੱਦੜਬਾਹਾ ਦੇ ਅੰਦਰ ਮੋਬਾਇਲ ਫੋਨ ਲਿਜਾਣ,ਰੱਖਣ ਅਤੇ ਵਰਤੋਂ ਕਰਨ ਤੇ ਸਰਕਾਰੀ ਤੌਰ ਤੇ ਚੋਣ ਨਤੀਜਿਆਂ ਦੇ ਐਲਾਨ ਹੋਣ ਤੱਕ ਪੂਰਨ ਤੌਰ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ, ਇਹ ਹੁਕਮ 23 ਨਵੰਬਰ 2024 ਨੂੰ ਲਾਗੂ ਰਹੇਗਾ। ਹੁਕਮਾਂ ਦੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

## ਚੰਡੀਗ ੜ ਦੇ ਇਲਾਕੇ ਵਿੱਚ ਹਰਿਆਣੇ ਸੂਬੇ ਦੀ ਵਿਧਾਨ ਸਭਾ ਬਨਾਉਣ ਦੇ ਵਿਰੁੱਧ ਭਾਰਤੀ ਕਿਸਾਨ ਯੂਨੀਅਨ 25 ਨਵੰਬਰ ਨੂੰ ਜਿਲ ਾ ਹੈਡਕੁਆਟਰਾਂ ਤੇ ਦੇਵੇਗੀ ਧਰਨਾ

ਪੰਜਾਬ ਦਾ ਖੁਲਾਸਾ

**ਮਮਦੋਟ 21ਨਵੰਬਰ (ਸ਼ਰਮਾਂ)** ਚੰਡੀਗ ੜ ਦੇ ਇਲਾਕੇ ਵਿੱਚ ਹਰਿਆਣਾ ਸੂਬੇ ਦਾ ਵਿਧਾਨ ਸਭਾ ਕੰਪਲੈਕਸ ਅਤੇ ਹੋਰ ਦਫਤਰੀ ਇਮਾਰਤਾਂ ਬਨਾਉਣ ਲਈ ਕੇਂਦਰ ਸਰਕਾਰ ਵੱਲੋ ਦਿੱਤੇ ਗਏ 10 ਏਕੜ ਰਕਬੇ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜਿਲ ਾ ਹੈਡਕੁਆਟਰਾਂ ਤੇ 25 ਨਵੰਬਰ ਨੂੰ ਪੂਰੇ ਪੰਜਾਬ ਵਿੱਚ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਰੋਸ ਧਰਨੇ ਦੇਵੇਗੀ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਿੰਦਰ ਸਿੰਘ ਖਹਿਰਾ ਜਿਲ ਾ ਪ੍ਰਧਾਨ ਫਿਰੋਜਪੁਰ ਅਤੇ ਮਨਪ੍ਰੀਤ ਸਿੰਘ ਸੰਧੂ ਬਲਾਕ ਪ੍ਰਧਾਨ ਮਮਦੋਟ ਨੇ ਦੱਸਿਆਂ ਕਿ ਕੇਂਦਰ ਦੀ ਸਰਕਾਰ ਵੱਲੋ ਗੈਰ ਸੰਵਿਧਾਨਿਕ ਤਾਰੀਕੇ ਨਾਲ ਚੰਡੀਗ ੜ ਦੇ 10 ਏਕੜ ਰਕਬੇ ਵਿੱਚ ਹਰਿਆਣਾ ਸੂਬਾ ਦਾ ਵਿਧਾਨ ਸਭਾ ਕੰਪਲੈਕਸ ਬਨਾਉਣ ਲਈ ਜੋ ਫੈਸਲਾ ਕੀਤਾ ਗਿਆ ਹੈ ਉਹ ਪੰਜਾਬ ਨਾਲ ਸਰਾਸਰ ਧੱਕਾ ਹੈ । ਭਾਰਤੀ ਕਿਸਾਨ ਯੂਨੀਅਨ ਕਾਦੀਆਂ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਜਬਰਦਸਤ ਵਿਰੋਧ ਕਰਦੀ ਹੈ। ਉਨ ਾਂ ਕਿਹਾ ਕਿ ਇਸ ਸਬੰਧੀ 25 ਨਵੰਬਰ ਨੂੰ ਪੰਜਾਬ ਦੇ ਸਾਰੇ ਜਿਲ ਾ ਹੈਡਕੁਆਟਰਾਂ ਵਿਖੇ ਵਿਸ਼ਾਲ ਰੋਸ ਧਰਨੇ ਦਿੱਤੇ ਜਾਣਗੇ ਅਤੇ ਉਸ ਤੋ ਬਾਅਦ ਡਿਪਟੀ ਕਮਿਸ਼ਨਰਾਂ ਰਾਹੀ ਗਵਰਨਰ ਪੰਜਾਬ ਨੂੰ ਮੰਗ ਪੱਤਰ ਭੇਜੇ ਜਾਣਗੇ।



ਉਹਨਾਂ ਨੇ ਸਮੂਹ ਕਿਸਾਨਾਂ ਨੂੰ ਅਤੇ ਪੰਜਾਬ ਹਤੈਸ਼ੀ ਜਥੇਬੰਦੀਆਂ ਨੂੰ ਇਸ ਰੋਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ । ਇਸ ਮੌਕੇ ਤੇ ਹੋਰਨਾਂ ਤੋ ਇਲਾਵਾ ਮਹਿੰਦਰ ਸਿੰਘ ਵਧੌਣ ਵਾਇਸ ਜਿਲ ਾ ਪ੍ਰਧਾਨ , ਨਿਸ਼ਾਨ ਸਿੰਘ ਸੰਧੂ, ਬਲਵਿੰਦਰ ਸਿੰਘ ਸੰਧੂ, ਵਿਕਰਮਜੀਤ ਸਿੰਘ, ਪ੍ਰਮਿੰਦਰ ਸਿੰਘ, ਨਸੀਬ ਸਿੰਘ ਖਹਿਰਾ,ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਸੁੱਚਾ ਸਿੰਘ, ਅੰਗਰੇਜ ਸਿੰਘ,ਹਰਦੀਪ ਸਿੰਘ, ਮੇਜਰ ਸਿੰਘ,ਹਰਦੀਪ ਸਿੰਘ ਸੋਢੀ, ਗੁਰਸੇਵਕ ਸਿੰਘ, ਪਰਮਜੀਤ ਸਿੰਘ, ਕਰਮਜੀਤ ਸਿੰਘ ਡੋਡ , ਰਵੇਲ ਸਿੰਘ ਡੋਡ , ਬਲਦੇਵ ਸਿੰਘ ਅਤੇ ਬਲਵਿੰਦਰ ਸਿੰਘ ਸੋਢੀ ਆਦਿ ਹਾਜਰ ਸਨ ।

## ਗਊਆਂ ਨਾਲ ਵਧੀਕੀ ਬਰਦਾਸ਼ਤ ਨਹੀ ਕੀਤੀ ਜਾਵੇਗੀ: ਰਾਜੇਸ਼ ਗਰਗ

ਪੰਜਾਬ ਦਾ ਖੁਲਾਸਾ

**ਮਮਦੋਟ 21 ਨਵੰਬਰ (ਸ਼ਰਮਾਂ)** ਮਮਦੋਟ ਇਲਾਕੇ ਵਿਚੋ ਲੰਘਦੀ ਲਛਮਣ ਨਹਿਰ ਵਿੱਚ ਕੁਝ ਸ਼ਰਾਰਤੀ ਅਨਸਰਾਂ ਵੱਲੋ 4 ਗਊਆਂ ਨੂੰ ਧੱਕਾ ਦੇ ਕੇ ਨਹਿਰ ਵਿੱਚ ਸੁੱਟੇ ਜਾਣ ਦੀ ਵੀਡਿਓ ਵਾਇਰਲ ਹੋਣ ਤੋ ਬਾਅਦ ਕੁਝ ਗਊ ਪ੍ਰੇਮੀਆਂ ਅਤੇ ਸ਼ਾਹ ਸਤਿਨਾਮ ਗ੍ਰੀਨ ਐਸ ਵੈਲਫੇਅਰ ਫੋਰਸ ਵਿੰਗ ਦੇ ਸੇਵਾਦਾਰਾਂ ਵੱਲੋ ਇਸ ਵੀਡਿਓ ਨੂੰ ਵੇਖ ਕੇ ਭਾਵੇ ਇਨ ਾਂ ਗਊਆਂ ਨੂੰ ਨਹਿਰ ਵਿਚੋ ਕਾਫੀ ਜਦੋ ਜਹਿਦ ਤੋ ਬਾਅਦ ਬਾਹਰ ਕੱਢ ਕੇ ਮਮਦੋਟ ਵਿਖੇ ਸ੍ਰੀ ਕ੍ਰਿਸ਼ਨਾਂ ਗਊਸ਼ਾਲਾ ਵਿਖੇ ਪਹੁੰਚਾ ਦਿੱਤਾ ਗਿਆ ਹੈ। ਇਨ ਾਂ ਗਊਆਂ ਨੂੰ ਨਹਿਰ ਵਿੱਚੋ ਕੱਢਣ ਵਾਲੇ ਸੇਵਾਦਾਰ ਪ੍ਰਕਾਸ਼ ਸਿੰਘ ਇੰਸਾ, ਦੇਸਾ ਸਿੰਘ ਹਜਾਰਾ ਸਿੰਘ ਵਾਲਾ, ਰੋਸ਼ਨ ਲਾਲ , ਰਮਨ , ਦੀਪਕ , ਗੁਰਮੇਜ ਸਿੰਘ ਅਤੇ ਹੋਰ ਗਊ ਪ੍ਰੇਮੀਆਂ ਦੀ ਇਲਾਕੇ ਵਿੱਚ ਕਾਫੀ ਪ੍ਰਸ਼ੰਸਾ ਹੋ ਰਹੀ ਹੈ।

ਉਧਰ ਗਊਆਂ ਨਹਿਰ ਵਿੱਚ ਸੁੱਟੇ ਜਾਣ ਤੋ ਬਾਅਦ ਸੂਬਾ ਪ੍ਰਧਾਨ ਰਾਜੇਸ਼ ਗਰਗ ਸ਼ਿਵ ਸੈਨਾ (ਪੰਜਾਬ) ਇਸ ਵਾਇਰਲ ਹੋਈ ਵੀਡਿਓ ਤੇ ਐਕਸ਼ਨ ਲੈਦੇ ਹੋਏ ਆਪਣੀ ਟੀਮ ਸਮੇਤ ਮਮਦੋਟ ਪਹੁੰਚੇ , ਉਨ ਾਂ ਨੇ ਲਛਮਣ ਨਹਿਰ ਤੇ ਪਹੁੰਚ ਕੇ ਮੌਕਾ ਵੇਖਿਆ ਅਤੇ ਉਸ ਤੋ ਬਾਅਦ ਸ੍ਰੀ ਕ੍ਰਿਸ਼ਨਾਂ ਗਊਸ਼ਾਲਾ ਵਿਖੇ ਪਹੁੰਚੇ , ਉਨ ਾਂ ਦੱਸਿਆ ਕਿ ਮੈਨੂੰ ਪਤਾ ਲੱਗਿਆ ਹੈ ਕਿ ਜੋ ਇਹ ਗਊਆਂ ਨਹਿਰ ਵਿੱਚ ਸੁੱਟੀਆਂ ਗਈਆਂ ਹਨ ਇਹ ਕੁਝ ਸ਼ਰਾਰਤੀ ਅਨਸਰਾਂ ਦਾ ਕਾਰਾ ਹੈ , ਉਨ ਾਂ ਦੱਸਿਆ ਕਿ ਇਸ ਸਬੰਧੀ ਉਹਨਾਂ ਨੇ ਐਸ.ਐਸ.ਪੀ. ਫਿਰੋਜਪੁਰ ਅਤੇ ਡਿਪਟੀ ਕਮਿਸ਼ਨਰ ਫਿਰੋਜਪੁਰ ਦੇ ਧਿਆਨ ਵਿੱਚ ਇਸ ਘਟਨਾਂ ਨੂੰ ਲਿਆਦਾ ਹੈ , ਅਗਰ ਇਸ ਤੋ ਬਾਅਦ ਵੀ ਕੋਈ ਸ਼ਰਾਰਤੀ ਅਨਸਰ ਗਊ ਜਾਂ ਉਹਨਾਂ ਦੇ ਬੱਚਿਆਂ ਨੂੰ ਨਹਿਰ ਵਿੱਚ ਸੁੱਟਦਾ ਹੈ ਜਾਂ ਉਹਨਾਂ ਨਾਲ ਵਧੀਕੀ ਕਰਦਾ ਹੈ ਤਾਂ ਉਹਨਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆਂ ਨਹੀ ਜਾਵੇਗਾ ਅਤੇ ਉਹਨਾਂ ਦੇ ਖਿਲਾਫ ਬਨਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਇਸ ਮੌਕੇਤੇ ਉਹਨਾਂ ਨੇ ਸ੍ਰੀ ਕ੍ਰਿਸ਼ਨਾਂ ਗਊਸ਼ਾਲਾ ਮਮਦੋਟ ਵਿਖੇ ਪਹੁੰਚ ਕੇ ਗਊਆਂ ਦੀ ਸਾਂਭ ਸੰਭਾਲ ਦਾ ਜਾਇਜਾ ਵੀ ਲਿਆ ਅਤੇ ਸੰਤੁਸ਼ਟੀ ਪ੍ਰਗਟ ਕੀਤੀ । ਇਸ ਮੌਕੇ ਤੇ ਗਊਸ਼ਾਲਾ ਪਹੁੰਚਣ ਤੇ ਗਊਸ਼ਾਲਾ ਦੇ ਪ੍ਰਧਾਨ ਸ਼ਾਮ ਲਾਲ ਭੋਲੇਵਾਸੀਆ , ਸਮਾਜ ਸੇਵੀ ਬਲਦੇਵ ਰਾਜ ਸ਼ਰਮਾਂ ,ਤੇਜਿੰਦਰ ਪਾਲ ਢੀਗੜਾ , ਅਸ਼ੋਕ ਨਾਰੰਗ ਅਤੇ ਸਮੂਹ ਪ੍ਰਬੰਧਕ ਕਮੇਟੀ ਨੇ ਸ਼ਿਵ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਰਾਜੇਸ਼ ਗਰਗ ਦਾ ਗਊਸ਼ਾਲਾ ਵਿਖੇ ਪਹੁੰਚਣ ਤੇ ਸਵਾਗਤ ਕੀਤਾ ।



# ਸਿੱਖ ਸਮਾਜ ਦੀ ਸਿੱਖਿਆ ਚੇਤਨਾ ਤੇ ਸਿੱਖ ਵਿੱਦਿਅਕ ਕਾਨਫਰੰਸ

ਸੰਨ 1873 ਵਿਚ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਤੇ ਸੰਤੋਖ ਸਿੰਘ ਨੇ ਸਿੱਖ ਧਰਮ ਛੱਡ ਕੇ ਇਸਾਈ ਬਣਨ ਦਾ ਐਲਾਨ ਕਰ ਦਿੱਤਾ। ਇਸ ਘਟਨਾ ਨਾਲ ਸਮੁੱਚੇ ਭਾਈਚਾਰੇ ਦੀ ਰੂਹ ਕੰਬ ਉੱਠੀ। ਸਿੱਖ ਆਗੂਆਂ ਨੇ ਇਸ ਘਟਨਾ ਨੂੰ ਗੰਭੀਰ ਚੁਣੌਤੀ ਵਜੋਂ ਲਿਆ ਅਤੇ ਇਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਦੇ ਹੱਲ ਵੱਲ ਕਦਮ ਅੱਗੇ ਵਧਾਏ। ਪਹਿਲਾਂ ਸਿੰਘ ਸਭਾ ਲਹਿਰ ਅਤੇ ਫਿਰ ਚੀਫ ਖ਼ਾਲਸਾ ਦੀਵਾਨ ਹੋਂਦ ਵਿਚ ਆਈ। ਸਿੱਖ ਸਮਾਜ ਦੀ ਇਹ ਸਾਂਝੀ ਰਾਇ ਬਣ ਕੇ ਉੱਭਰੀ ਕਿ ਹੁਣ ਪੱਛਮੀ ਸਾਹਿਤ, ਵਿਗਿਆਨ ਆਦਿ ਦੀ ਸਿੱਖਿਆ ਤੋਂ ਵਾਂਝੇ ਰਹਿ ਕੇ ਸਿੱਖ ਸਮੇਂ ਦੇ ਹਾਣੀ ਨਹੀਂ ਬਣ ਸਕਦੇ। ਇਸ ਦੇ ਲਈ ਆਪਣੀਆਂ ਵਿੱਦਿਅਕ ਸੰਸਥਾਵਾਂ ਦਾ ਹੋਣਾ ਜ਼ਰੂਰੀ ਹੈ ਤਾਂ ਜੋ ਪੱਛਮ ਦੀ ਆਧੁਨਿਕ ਸਿੱਖਿਆ ਦੇ ਨਾਲ-ਨਾਲ ਸਿੱਖ ਵਿਦਿਆਰਥੀਆਂ ਨੂੰ ਆਪਣੇ ਧਰਮ ਅਤੇ ਸਭਿਆਚਾਰ ਵਿੱਚ ਵੀ ਪ੍ਰਪੱਕ ਰਹਿਣ ਦਾ ਮਾਹੌਲ ਮਿਲ ਸਕੇ। ਇਸ ਵਾਸਤੇ ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਦੀ ਸਥਾਪਨਾ ਲਈ 1890 ਵਿਚ ਕਮੇਟੀ ਬਣਾਈ ਗਈ।



ਦਸੰਬਰ 1907 ਵਿਚ ਸੁੰਦਰ ਸਿੰਘ ਮਜੀਠੀਆ ਦੀ ਪ੍ਰਧਾਨਗੀ ਹੇਠ ਸਿੱਖ ਪ੍ਰਚਾਰਕਾਂ ਦਾ ਜਥਾ ਕਰਾਚੀ ਵਿੱਚ ਮੁਸਲਿਮ ਵਿੱਦਿਅਕ ਕਾਨਫਰੰਸ ਵਿੱਚ ਸ਼ਾਮਿਲ ਹੋਇਆ ਜਿੱਥੋਂ ਮਜੀਠੀਆ ਦੇ ਮਨ ਵਿਚ ਅਜਿਹੀ ਹੀ ਸਿੱਖ ਵਿੱਦਿਅਕ ਕਾਨਫਰੰਸ ਕਰਵਾਉਣ ਦਾ ਖ਼ਿਆਲ ਆਇਆ। ਵਾਪਸ ਆ ਕੇ ਉਨ੍ਹਾਂ ਸਮਕਾਲੀ ਸਿੱਖ ਬੁੱਧੀਜੀਵੀਆਂ ਅਤੇ ਵਿਦਵਾਨਾਂ ਦੀ 9 ਜੂਨ 1908 ਨੂੰ ਕਾਨਫਰੰਸ ਬੁਲਾਈ ਜਿਸ ਵਿੱਚ ਭਾਈ ਵੀਰ ਸਿੰਘ, ਭਾਈ ਜੋਧ ਸਿੰਘ (ਜੋ ਬਾਅਦ ਵਿਚ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਰਹੇ), ਹਰਬੰਸ ਸਿੰਘ ਅਟਾਰੀਵਾਲੇ ਆਦਿ ਮੁੱਖ ਸ਼ਖ਼ਸੀਅਤਾਂ ਵਜੋਂ ਸ਼ਾਮਿਲ ਹੋਏ। ਕੁਝ ਦਿਨਾਂ ਬਾਅਦ ਵੱਡੀ ਇਕੱਤਰਤਾ ਬੁਲਾਈ ਗਈ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਉਮਰਾਓ ਸਿੰਘ, ਇੰਦਰ ਸਿੰਘ (ਬਾਅਦ ਵਿਚ ਫ਼ਰੀਦਕੋਟ ਰਿਆਸਤ ਦੇ ਪ੍ਰਧਾਨ ਮੰਤਰੀ ਰਹੇ) ਵੀ ਸ਼ਾਮਿਲ ਹੋਏ। ਇਸ ਇਕੱਤਰਤਾ ਦੌਰਾਨ ਸਿੱਖ ਵਿੱਦਿਅਕ ਕਾਨਫਰੰਸ ਦਾ ਐਲਾਨ ਕੀਤਾ ਗਿਆ। ਸਿੱਖ ਵਿੱਦਿਅਕ ਕਾਨਫਰੰਸ ਦੇ ਜੋ ਮੁੱਖ ਉਦੇਸ਼ ਤੈਅ ਕੀਤੇ ਗਏ, ਉਹ ਇਸ ਪ੍ਰਕਾਰ ਸਨ: ਸਿੱਖ ਵਿੱਦਿਅਕ ਸੰਸਥਾਵਾਂ ਨੂੰ ਉੱਨਤ ਕਰਨਾ; ਨਵੀਆਂ ਸਿੱਖਿਆ ਸੰਸਥਾਵਾਂ ਬਣਾਉਣੀਆਂ; ਸਿੱਖ ਸਾਹਿਤ ਦੇ ਅਧਿਐਨ ਨੂੰ ਹਰਮਨ-ਪਿਆਰਾ ਬਣਾਉਣਾ; ਤਕਨੀਕੀ ਅਤੇ ਜ਼ਰਾਇਤੀ ਸਿੱਖਿਆ ਨੂੰ ਉੱਨਤ ਕਰਨਾ; ਸਿੱਖਾਂ ਵਿੱਚ ਪੱਛਮੀ ਸਿੱਖਿਆ ਦਾ ਪ੍ਰਸਾਰ ਕਰਨਾ; ਸਿੱਖਾਂ ਵਿਚ ਨਾਰੀ ਸਾਖ਼ਰਤਾ ਦਰ ਨੂੰ ਉੱਚਾ ਕਰਨਾ।

ਪਹਿਲੀ ਸਿੱਖ ਵਿੱਦਿਅਕ ਕਾਨਫਰੰਸ 17-18-19 ਅਪਰੈਲ 1908 ਨੂੰ ਗੁੱਜਰਾਂਵਾਲਾ ਵਿੱਚ ਹੋਈ। ਕਾਨਫਰੰਸ ਦੇ ਪ੍ਰਧਾਨਗੀ ਭਾਸ਼ਨ ਵਿਚ ਬਘੇਲ ਸਿੰਘ ਰਾਈਸ ਕੁੱਲਾ ਲਾਹੌਰ ਨੇ ਖ਼ਾਲਸਾ ਸਕੂਲ/ਕਾਲਜ ਖੋਲ੍ਹਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਆਖਿਆ, ਵਿਦਿਆ ਜੋ ਸਰਕਾਰੀ ਸਕੂਲਾਂ ਵਿਚ ਮਿਲਦੀ ਹੈ, ਸੋ ਦੇਸ਼ ਵਿੱਚ ਅਨੇਕ ਮਤ ਹੋਣ ਕਾਰਨ ਧਾਰਮਿਕ ਸਿਖਿਆ ਤੋਂ ਖ਼ਾਲੀ ਹੁੰਦੀ ਹੈ। ਸਾਨੂੰ ਉਸ ਤੋਂ ਹਾਨੀ ਪੁਜਦੀ ਹੈ। ਸਿੱਖ ਲੜਕੇ ਸਿੱਖ ਧਰਮ ਦੀ ਸਿਖਿਆ ਨਾ ਹੋਣ ਕਰ ਕੇ ਉਸਤਾਦ ਦੀ ਤਬੀਅਤ ਦੇ ਝੁਕਾਉ ਅਰ ਕਈ ਹਾਲਾਤ ਵਿਚ ਉਨ੍ਹਾਂ ਦੇ ਦਬਾਉ ਕਾਰਨ ਮਨਮਤੀ ਖਿਆਲਾਤ ਦੇ ਹੋ ਜਾਂਦੇ ਹਨ। ਕਾਨਫਰੰਸ ਦੌਰਾਨ ਸਿੱਖਾਂ ਨੂੰ ਅਪੀਲ ਕੀਤੀ ਗਈ ਕਿ ਉਹ ਸਿੱਖ ਸਮਾਜ ਨੂੰ ਵਿੱਦਿਅਕ ਪੱਖ ਤੋਂ ਉੱਨਤ ਅਤੇ ਸਮੇਂ ਦਾ ਹਾਣੀ ਬਣਾਉਣ ਲਈ ਆਪਣੀ ਆਮਦਨ 'ਚੋਂ ਦਸਵੰਧ ਕੱਢ ਕੇ ਭੇਜਣ।

ਸਿੱਖ ਵਿੱਦਿਅਕ ਕਾਨਫਰੰਸਾਂ ਦਾ ਸਿਲਸਿਲਾ ਚੱਲਦਾ ਰਿਹਾ। ਜਿੱਥੇ ਵੀ ਸਿੱਖ ਵਿੱਦਿਅਕ ਕਾਨਫਰੰਸ ਹੁੰਦੀ, ਉਸ ਇਲਾਕੇ ਵਿਚ ਖ਼ਾਲਸਾ ਸਕੂਲ ਖੋਲ੍ਹਿਆ ਜਾਂਦਾ। ਇਸੇ ਦੂਰ-ਰਸੀ ਨੀਤੀ ਦੇ ਸਿੱਟੇ ਵਜੋਂ 1941 ਦੀ ਮਰਦਮਸ਼ੁਮਾਰੀ ਦੌਰਾਨ ਪੰਜਾਬ ਵਿੱਚ ਸਿੱਖ ਮਰਦ ਅਤੇ ਔਰਤਾਂ ਦਾ ਸਿੱਖਿਆ ਪੱਧਰ ਦੂਜੇ ਸਾਰੇ ਧਰਮਾਂ ਦੇ ਲੋਕਾਂ ਨਾਲੋਂ ਉੱਪਰ ਰਿਹਾ। ਉਸ ਵੇਲੇ ਸਿੱਖਾਂ ਵਿੱਚ ਪੜ੍ਹੇ-ਲਿਖਿਆਂ ਦੀ ਕੁੱਲ ਫ਼ੀਸਦੀ 17.03, ਸਿੱਖ ਮਰਦਾਂ ਵਿੱਚ ਸਿੱਖਿਆ ਦਰ 12.13% ਅਤੇ ਔਰਤਾਂ ਦੀ 4.90 ਸੀ; ਇਸ ਦੇ ਮੁਕਾਬਲੇ ਹਿੰਦੂ ਸਮਾਜ ਦੀ ਇਹ ਦਰ ਕ੍ਰਮਵਾਰ 16.35, 11.89 ਅਤੇ 4.46%; ਮੁਸਲਮਾਨ ਸਮਾਜ 'ਚ ਸਿੱਖਿਆ ਪੱਧਰ ਕ੍ਰਮਵਾਰ 6.67, 5.52 ਅਤੇ 1.45% ਅਤੇ ਇਸਾਈ ਸਮਾਜ ਦਾ ਸਿੱਖਿਆ ਦਾ ਕੁੱਲ ਪੱਧਰ 7.76%, ਮਰਦਾਂ 'ਚ ਸਿੱਖਿਆ ਦਰ 4.69% ਅਤੇ ਔਰਤਾਂ ਵਿਚ 3.07% ਸੀ।

ਸਮੇਂ-ਸਮੇਂ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਈਆਂ ਸਿੱਖ ਵਿੱਦਿਅਕ ਕਾਨਫਰੰਸਾਂ ਵਿਚ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ, ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ, ਡਾ. ਜ਼ਾਕਿਰ ਹੁਸੈਨ ਅਤੇ ਪ੍ਰਧਾਨ ਮੰਤਰੀ ਆਈਕੇ ਗੁਜਰਾਲ ਵਰਗੀਆਂ ਸ਼ਖ਼ਸੀਅਤਾਂ ਵੀ ਸ਼ਾਮਿਲ ਹੁੰਦੀਆਂ ਰਹੀਆਂ। ਚੀਫ ਖ਼ਾਲਸਾ ਦੀਵਾਨ ਵਲੋਂ ਹੁਣ ਵੀ ਸਿੱਖ ਵਿੱਦਿਅਕ ਕਾਨਫਰੰਸ ਦੀ ਪਰੰਪਰਾ ਨੂੰ ਜਾਰੀ ਰੱਖਿਆ ਜਾ ਰਿਹਾ ਹੈ ਜਿਸ ਤਹਿਤ 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ 21-22-23 ਨਵੰਬਰ 2024 ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਕਰਵਾਈ ਜਾ ਰਹੀ ਹੈ। ਇਸ ਦਾ ਮੰਤਵ ਭਾਵੇਂ ਆਧੁਨਿਕ ਵਿੱਦਿਅਕ ਸਾਧਨਾਂ ਰਾਹੀਂ ਗਿਆਨ ਦੀ ਰੌਸ਼ਨੀ ਵਿਚ ਲੋਕਾਂ ਨੂੰ ਪੰਜਾਬੀ ਬੋਲੀ ਦੀ ਮਹਾਨਤਾ ਬਾਰੇ ਜਾਗਰੂਕ ਕਰਨਾ ਅਤੇ ਪੰਜਾਬੀ ਨੂੰ ਬਣਦਾ ਮਾਣ-ਸਤਿਕਾਰ ਦੁਆਉਣਾ ਹੈ ਪਰ ਇਸ ਦੇ ਨਾਲ-ਨਾਲ ਅਜੋਕੇ ਸਮੇਂ ਸਿੱਖ ਸਮਾਜ ਦੇ ਸਿੱਖਿਆ ਦੇ ਪੱਧਰ ਨੂੰ ਲੈ ਕੇ ਵੀ ਚਿੰਤਨ ਹੋਣਾ ਲੋੜੀਂਦਾ ਹੈ। ਪੰਜਾਬ ਦੇ 60 ਫ਼ੀਸਦੀ ਪੇਂਡੂ ਸਿੱਖ ਨੌਜਵਾਨ ਦਸਵੀਂ ਪੱਧਰ ਦੀ ਪੜ੍ਹਾਈ ਤੋਂ ਅੱਗੇ ਨਹੀਂ ਵਧ ਰਹੇ। ਪਿੱਛੇ ਜਿਹੇ ਪੰਜਾਬ ਸਰਕਾਰ ਵੱਲੋਂ 'ਮਿਸ਼ਨ ਸਮਰੱਥ' ਨਾਂ ਦੀ ਸਰਕਾਰੀ ਯੋਜਨਾ ਤਹਿਤ ਸੂਬੇ ਦੇ ਤੀਜੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਵਿਦਿਆਰਥੀਆਂ ਦੇ ਕਰਵਾਏ ਸਰਵੇਖਣ ਦੇ ਨਤੀਜੇ ਰੌਂਗਟੇ ਖੜ੍ਹੇ ਕਰਨ ਵਾਲੇ ਸਨ। ਸਰਵੇਖਣ ਮੁਤਾਬਿਕ, ਪੰਜਾਬ ਦੇ ਸਰਕਾਰੀ ਸਕੂਲਾਂ ਦੇ 75 ਫ਼ੀਸਦੀ ਬੱਚੇ ਅੰਗਰੇਜ਼ੀ ਪਾਠਕ੍ਰਮ ਦੀ ਇਕ ਕਹਾਣੀ ਸ਼ੁਰੂ ਤੋਂ ਅਖ਼ੀਰ ਤੱਕ ਨਹੀਂ ਪੜ੍ਹ ਸਕਦੇ। 53 ਫ਼ੀਸਦੀ ਬੱਚਿਆਂ ਨੂੰ ਪੰਜਾਬੀ ਪਾਠਕ੍ਰਮ ਵੀ ਪੂਰੀ ਤਰ੍ਹਾਂ ਪੜ੍ਹਨਾ ਨਹੀਂ ਆਉਂਦਾ। ਲਗਭਗ 40 ਫ਼ੀਸਦੀ ਵਿਦਿਆਰਥੀ ਜਮਾਂ-ਘਟਾਓ ਦੇ ਸਾਧਾਰਨ ਸਵਾਲ ਵੀ ਹੱਲ ਨਹੀਂ ਕਰ ਸਕੇ। ਇਨ੍ਹਾਂ ਸਕੂਲਾਂ ਵਿਚ ਬਹੁਗਿਣਤੀ ਗਰੀਬ ਵਰਗ ਦੇ ਸਿੱਖਾਂ ਦੇ ਬੱਚੇ ਪੜ੍ਹਦੇ ਹਨ। ਇਸੇ ਤਰ੍ਹਾਂ ਉਚੇਰੀ ਸਿੱਖਿਆ ਵਿਚ ਸਿੱਖ ਨੌਜਵਾਨਾਂ ਦੀ ਕਾਰਗੁਜ਼ਾਰੀ ਵੀ ਨਿਰਾਸ਼ਾਜਨਕ ਹੈ। ਦੁਨੀਆ ਦੀਆਂ ਦੂਜੀਆਂ ਕੌਮਾਂ ਤੇ ਧਰਮਾਂ ਦੇ ਮੁਕਾਬਲੇ ਕੌਮਾਂਤਰੀ ਪੱਧਰ 'ਤੇ ਵੀ ਪੰਜਾਬੀਆਂ ਜਾਂ ਸਿੱਖਾਂ ਦੀ ਸਿੱਖਿਆ ਕਾਰਗੁਜ਼ਾਰੀ ਬਹੁਤੀ ਤਸੱਲੀਬਖ਼ਸ਼ ਨਹੀਂ। ਪੰਜਾਬ ਵਿੱਚ ਪੜ੍ਹੇ-ਲਿਖੇ ਨੌਜਵਾਨਾਂ ਦਾ ਕੌਮਾਂਤਰੀ ਸਿੱਖਿਆ ਸੰਸਥਾਵਾਂ ਵਿੱਚ ਦਾਖ਼ਲਾ ਨਾ-ਮਾਤਰ ਹੈ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਅੱਜ ਵੀ 1908 ਵਿਚ ਸਿੱਖ ਵਿੱਦਿਅਕ ਕਾਨਫਰੰਸ ਦੀ ਸਥਾਪਨਾ ਵੇਲੇ ਤੈਅ ਕੀਤੇ ਉਦੇਸ਼ਾਂ ਨੂੰ ਮੁੜ ਪ੍ਰਸੰਗਿਕ ਬਣਾਉਣ ਲਈ ਸਿਦਕੀ ਯਤਨ ਨਿਹਾਇਤ ਲੋੜੀਂਦੇ ਹਨ।

# ਬਿਨਾਂ ਕਿਸੇ ਚਿਤਾਵਨੀ ਤੋਂ ਵਾਰ ਕਰਦਾ ਹੈ ਕਾਰਡਿਅਕ ਅਰੈਸਟ

ਅਕਸਰ ਸੁਣਨ ਵਿੱਚ ਆਉਂਦਾ ਹੈ ਕਿ ਫਲਾਣੇ ਦੀ ਮੌਤ ਹਾਰਟ ਅਟੈਕ ਜਾਂ ਦਿਲ ਦਾ ਦੌਰਾ ਪੈਣ ਕਾਰਨ ਹੋ ਗਈ। ਕਈ ਵਾਰ ਇਹ ਵੀ ਸੁਣਿਆ ਜਾਂਦਾ ਹੈ ਕਿ ਕਿਸੇ ਦੀ ਕਾਰਡਿਅਕ ਅਰੈਸਟ ਨਾਲ ਮੌਤ ਹੋ ਗਈ। ਇਨ੍ਹਾਂ ਦੋਵਾਂ ਨੂੰ ਅਕਸਰ ਇੱਕ ਹੀ ਸਮਝ ਲੈਂਦੇ ਹਨ, ਪਰ ਇਨ੍ਹਾਂ ਦੋਵਾਂ ਵਿਚਕਾਰ ਅੰਤਰ ਹੁੰਦਾ ਹੈ। ਕਾਰਡਿਐਕ ਅਰੈਸਟ ਅਚਾਨਕ ਹੁੰਦਾ ਹੈ ਅਤੇ ਸਰੀਰ ਵੱਲੋਂ ਕੋਈ ਚਿਤਾਵਨੀ ਨਹੀਂ ਦਿੱਤੀ ਜਾਂਦੀ ਜਦੋਂਕਿ ਹਾਰਟ ਅਟੈਕ ਵਿੱਚ ਬੰਦਾ ਦਿਲ ਦੇ ਰੋਗਾਂ ਦਾ ਮਰੀਜ਼ ਹੁੰਦਾ ਹੈ, ਉਸ ਨੂੰ ਇਸ ਬਾਰੇ ਜਾਣਕਾਰੀ ਹੁੰਦੀ ਹੈ।

ਕਾਰਡਿਅਕ ਅਰੈਸਟ ਆਮ ਤੌਰ 'ਤੇ ਦਿਲ ਵਿੱਚ ਹੋਣ ਵਾਲੀ ਇਲੈੱਕਟ੍ਰੀਕਲ ਗੜਬੜ ਕਰਕੇ ਹੁੰਦਾ ਹੈ ਜਿਸ ਵਿੱਚ ਧੜਕਣ ਦਾ ਤਾਲਮੇਲ ਵਿਗੜ ਜਾਂਦਾ ਹੈ। ਇਸ ਨਾਲ ਦਿਲ ਵੱਲੋਂ ਪੰਪ ਕਰਨ ਦੀ ਸਮਰੱਥਾ 'ਤੇ ਅਸਰ ਪੈਂਦਾ ਹੈ ਅਤੇ ਉਹ ਦਿਮਾਗ਼ ਜਾਂ ਸਰੀਰ ਦੇ ਦੂਜੇ ਹਿੱਸਿਆਂ ਤੱਕ ਖ਼ੂਨ ਨਹੀਂ ਪਹੁੰਚਾ ਪਾਉਂਦਾ। ਕੁਝ ਹੀ ਪਲਾਂ ਦੇ ਅੰਦਰ ਇਨਸਾਨ ਬੇਹੋਸ਼ ਹੋ ਜਾਂਦਾ ਹੈ ਅਤੇ ਨਬਜ਼ ਰੁਕ ਜਾਂਦੀ ਹੈ।

ਜੇ ਸਹੀ ਸਮੇਂ 'ਤੇ ਇਲਾਜ ਨਾ ਮਿਲੇ ਤਾਂ ਕੁਝ ਸਕਿੰਟਾਂ ਜਾਂ ਮਿੰਟਾਂ ਵਿੱਚ ਹੀ ਮੌਤ ਹੋ ਜਾਂਦੀ ਹੈ। ਦਰਅਸਲ, ਕਾਰਡਿਅਕ ਅਰੈਸਟ ਮੌਤ ਦਾ ਆਖ਼ਰੀ ਬਿੰਦੂ ਹੈ। ਇਸ ਦਾ ਮਤਲਬ ਹੈ ਕਿ ਦਿਲ ਦੀ ਧੜਕਣ ਬੰਦ ਹੋ ਗਈ ਹੈ ਅਤੇ ਇਹੀ ਮੌਤ ਦੀ ਵਜ੍ਹਾ ਹੈ। ਇਸ ਦੇ ਵੱਖ ਵੱਖ ਕਾਰਨ ਹੋ ਸਕਦੇ ਹਨ। ਆਮ ਤੌਰ 'ਤੇ ਦਿਲ ਦਾ ਦੌਰਾ ਪੈਣਾ ਇਸ ਦੀ ਵਜ੍ਹਾ ਹੋ ਸਕਦਾ ਹੈ। ਹਾਲਾਂਕਿ ਛੋਟੀ ਉਮਰ ਵਿੱਚ ਆਮ ਤੌਰ 'ਤੇ ਜਾਨਲੇਵਾ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਘੱਟ ਰਹਿੰਦਾ ਹੈ।



ਇਹ ਕਿਸੇ ਹੋਰ ਬਿਮਾਰੀਆਂ ਨਾਲ ਵੀ ਹੋ ਸਕਦਾ ਹੈ ਜਿਸ ਬਾਰੇ ਅਸੀਂ ਜਾਣਦੇ ਨਹੀਂ। ਦਿਲ ਵਿੱਚ ਇਲੈੱਕਟ੍ਰੀਕਲ ਸਿਗਨਲਾਂ ਦੀਆਂ ਦਿੱਕਤਾਂ ਕਾਰਨ ਜਦ ਸਰੀਰ ਵਿੱਚ ਖ਼ੂਨ ਨਹੀਂ ਪਹੁੰਚਦਾ ਤਾਂ ਉਹ ਕਾਰਡਿਅਕ ਅਰੈਸਟ ਬਣ ਜਾਂਦਾ ਹੈ। ਜਦੋਂ ਸਰੀਰ, ਖ਼ੂਨ ਨੂੰ ਪੰਪ ਨਹੀਂ ਕਰਦਾ ਤਾਂ ਦਿਮਾਗ਼ ਨੂੰ ਆਕਸੀਜਨ ਦੀ ਘਾਟ ਹੋ ਜਾਂਦੀ ਹੈ। ਇਨਸਾਨ ਬੇਹੋਸ਼ ਹੋਣ ਲੱਗਦਾ ਹੈ ਅਤੇ ਉਸ ਦੇ ਸਾਹ ਬੰਦ ਹੋ ਜਾਂਦੇ ਹਨ।

ਕਾਰਡਿਅਕ ਅਰੈਸਟ ਦੇ ਲੱਛਣ: ਸਮੱਸਿਆ ਇਹ ਹੈ ਕਿ ਕਾਰਡਿਐਕ ਅਰੈਸਟ ਤੋਂ ਪਹਿਲਾਂ ਇਸ ਦੇ ਕੋਈ ਵੀ ਲੱਛਣ ਨਹੀਂ ਦਿਸਦੇ। ਇਹ ਹੀ ਵਜ੍ਹਾ ਹੈ ਕਿ ਕਾਰਡਿਅਕ ਅਰੈਸਟ ਵਿੱਚ ਮੌਤ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਸ ਦੀ ਸਭ ਤੋਂ ਆਮ ਵਜ੍ਹਾ ਅਸਾਧਾਰਨ ਹਾਰਟ ਰਿਦਮ ਹੈ ਜਿਸ ਨੂੰ ਵੈਂਟ੍ਰਿਕੁਲਰ ਫਿਬ੍ਰਿਲੇਸ਼ਨ ਕਹਿੰਦੇ ਹਨ। ਦਿਲ ਦੀਆਂ ਇਲੈੱਕਟ੍ਰੀਕਲ ਗਤੀਵਿਧੀਆਂ ਇੰਨੀਆਂ ਵਧ ਜਾਂਦੀਆਂ ਹਨ ਕਿ ਉਹ ਧੜਕਣ ਬੰਦ ਕਰ ਕੇ ਕੰਬਣ ਲੱਗਦਾ ਹੈ। ਕਾਰਡਿਅਕ ਅਰੈਸਟ ਦਿਲ ਨਾਲ ਜੁੜੀਆਂ ਇਨ੍ਹਾਂ ਬਿਮਾਰੀਆਂ ਕਰਕੇ ਵੀ ਹੋ ਸਕਦਾ ਹੈ ਜਿਵੇਂ ਕਿ ਕੋਰੋਨਰੀ ਦਿਲ ਦੀ ਬਿਮਾਰੀ, ਹਾਰਟ ਅਟੈਕ, ਕਾਰਡਿਓਮਾਯੋਪੈਥੀ, ਜਮਾਂਦਰੂ ਦਿਲ ਦੀ ਬਿਮਾਰੀ, ਹਾਰਟ ਵਾਲਵ ਵਿੱਚ ਪਰੇਸ਼ਾਨੀ, ਹਾਰਟ ਮਸਲ ਵਿੱਚ ਇਨਫਲੇਮੇਸ਼ਨ ਤੇ ਲੌਂਗ ਕਿਊਟੀ (Long QT) ਸਿੰਡਰੋਮ ਵਰਗੇ ਵਿਗਾੜ ਆਦਿ। ਕਈ ਹੋਰ ਕਾਰਨਾਂ ਕਰਕੇ ਵੀ ਕਾਰਡਿਅਕ ਅਰੈਸਟ ਹੋ ਸਕਦਾ ਹੈ: ਜਿਵੇਂ ਕਿ ਬਿਜਲੀ ਦੇ ਝਟਕੇ, ਨਸ਼ੇ ਦੀ ਓਵਰਡੋਜ਼, ਹੈਮਰੇਜ ਅਤੇ ਪਾਣੀ ਵਿੱਚ ਡੁੱਬਣਾ।

ਬਚਾਅ: ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਤੋਂ ਬਚਿਆ ਜਾ ਸਕਦਾ ਹੈ ? ਬਿਲਕੁਲ ਇਸ ਤੋਂ ਬਚਾਅ ਹੋ ਸਕਦਾ ਹੈ। ਕਈ ਵਾਰ ਛਾਤੀ ਜ਼ਰੀਏ ਇਲੈੱਕਟ੍ਰਿਕ ਸ਼ੌਕ ਦੇਣ ਨਾਲ ਇਸ ਤੋਂ ਰਿਕਵਰ ਕੀਤਾ ਜਾ ਸਕਦਾ ਹੈ। ਇਸ ਲਈ ਡੀਫਿਬਰਿਲੇਟਰ ਨਾਂ ਦਾ ਟੂਲ ਇਸਤੇਮਾਲ ਹੁੰਦਾ ਹੈ। ਆਮ ਤੌਰ 'ਤੇ ਇਹ ਸਾਰੇ ਵੱਡੇ ਹਸਪਤਾਲਾਂ ਵਿੱਚ ਮੌਜੂਦ ਹੁੰਦਾ ਹੈ। ਇਸ ਵਿੱਚ ਮੁੱਖ ਮਸ਼ੀਨ ਅਤੇ ਸ਼ੌਕ ਦੇਣ ਦੇ ਬੇਸ ਹੁੰਦੇ ਹਨ, ਜਿਨ੍ਹਾਂ ਨੂੰ ਛਾਤੀ ਨਾਲ ਲਗਾ ਕੇ ਅਰੈਸਟ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਜੇ ਕਾਰਡਿਅਕ ਅਰੈਸਟ ਵੇਲੇ ਆਲੇ ਦੁਆਲੇ ਡਿਫਿਬਰਿਲੇਟਰ ਨਾ ਹੋਵੇ ਤਾਂ ਕੀ ਕੀਤਾ ਜਾਵੇ ? ਫਿਰ ਸੀਪੀਆਰ ਯਾਨੀ ਕਿ ਕਾਰਡੀਓਪਲਮੋਨਰੀ ਰੀਸਸੀਟੇਸ਼ਨ ਮਦਦਗਾਰ ਸਾਬਤ ਹੋ ਸਕਦਾ ਹੈ। ਇਸ ਵਿੱਚ ਦੋਵੇਂ ਹੱਥਾਂ ਨੂੰ ਸਿੱਧਾ ਰੱਖਦੇ ਹੋਏ ਮਰੀਜ਼ ਦੀ ਛਾਤੀ 'ਤੇ ਜ਼ੋਰ ਨਾਲ ਦਬਾਅ ਪਾਇਆ ਜਾਂਦਾ ਹੈ। ਇਸ ਵਿੱਚ ਮੂੰਹ ਜ਼ਰੀਏ ਹਵਾ ਵੀ ਦਿੱਤੀ ਜਾਂਦੀ ਹੈ।

ਹਾਰਟ ਅਟੈਕ ਤੋਂ ਕਿਵੇਂ ਵੱਖ ਹੈ: ਜ਼ਿਆਦਾਤਰ ਲੋਕ ਹਾਰਟ ਅਟੈਕ ਅਤੇ ਕਾਰਡਿਅਕ ਅਰੈਸਟ ਨੂੰ ਇੱਕ ਹੀ ਮੰਨਦੇ ਹਨ, ਪਰ ਇਨ੍ਹਾਂ ਵਿੱਚ ਕਾਫ਼ੀ ਫ਼ਰਕ ਹੁੰਦਾ ਹੈ। ਹਾਰਟ ਅਟੈਕ ਕੋਰੋਨਰੀ ਆਰਟਰੀ ਵਿੱਚ ਥੱਕਾ ਜੰਮਣ ਨਾਲ ਹੁੰਦਾ ਹੈ। ਇਸ ਕਰਕੇ ਦਿਲ ਦੀਆਂ ਮਾਸਪੇਸ਼ੀਆਂ ਵਿੱਚ ਖ਼ੂਨ ਨਹੀਂ ਪਹੁੰਚ ਪਾਉਂਦਾ। ਛਾਤੀ ਵਿੱਚ ਤੇਜ਼ ਦਰਦ ਹੁੰਦਾ ਹੈ। ਹਾਲਾਂਕਿ ਕਈ ਵਾਰ ਲੱਛਣ ਕਮਜ਼ੋਰ ਹੁੰਦੇ ਹਨ, ਪਰ ਇਹ ਨੁਕਸਾਨ ਕਰਨ ਲਈ ਕਾਫ਼ੀ ਹੁੰਦੇ ਹਨ। ਹਾਰਟ ਅਟੈਕ ਵਿੱਚ ਦਿਲ ਸਰੀਰ ਦੇ ਬਾਕੀ ਹਿੱਸਿਆਂ ਵਿੱਚ ਖ਼ੂਨ ਪਹੁੰਚਾਉਂਦਾ ਰਹਿੰਦਾ ਹੈ ਅਤੇ ਮਰੀਜ਼ ਹੋਸ਼ ਵਿੱਚ ਹੁੰਦਾ ਹੈ। ਹਾਰਟ ਅਟੈਕ ਦੇ ਮਰੀਜ਼ ਲਈ ਕਾਰਡਿਅਕ ਅਰੈਸਟ ਦਾ ਖ਼ਤਰਾ ਵਧ ਜਾਂਦਾ ਹੈ।

ਇਸ ਦੇ ਕਾਰਨ : ਕਾਰਡਿਅਕ ਅਰੈਸਟ ਦਾ ਮਤਲਬ ਦਿਲ ਦੀ ਧੜਕਣ ਦਾ ਬੰਦ ਹੋਣਾ ਹੁੰਦਾ ਹੈ ਅਤੇ ਹਾਰਟ ਅਟੈਕ ਦਾ ਮਤਲਬ ਦਿਲ ਨੂੰ ਸਹੀ ਮਾਤਰਾ ਵਿੱਚ ਖ਼ੂਨ ਨਾ ਮਿਲਣਾ ਹੁੰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਖ਼ੂਨ ਨਾ ਮਿਲਣ ਕਰਕੇ ਕਾਰਡਿਅਕ ਅਰੈਸਟ ਹੋ ਜਾਵੇ। ਅਜਿਹੇ ਵਿੱਚ ਹਾਰਟ ਅਟੈਕ ਇਸ ਦੇ ਕਈ ਕਾਰਨਾਂ 'ਚੋਂ ਇੱਕ ਹੈ। ਇੱਕ ਖ਼ੂਨ ਦਾ ਥੱਕਾ ਕਾਰਡਿਅਕ ਅਰੈਸਟ ਦੀ ਵਜ੍ਹਾ ਬਣ ਸਕਦਾ ਹੈ। ਦਿਲ ਦੇ ਅੰਦਰ ਕਿਸੇ ਤਰ੍ਹਾਂ ਦੀ ਇਨਫੈਕਸ਼ਨ ਨਾਲ ਵੀ ਕਾਰਡਿਅਕ ਅਰੈਸਟ ਹੋ ਸਕਦਾ ਹੈ।

ਹਾਰਟ ਅਟੈਕ ਵਿੱਚ ਆਰਟਰੀ ਰੁਕਣ ਕਰਕੇ ਆਰਟਰੀ ਵਾਲਾ ਖ਼ੂਨ ਦਿਲ ਦੇ ਖ਼ਾਸ ਹਿੱਸਿਆਂ ਤੱਕ ਨਹੀਂ ਪਹੁੰਚਦਾ। ਜੇ ਇਸ ਦੀ ਰੁਕਾਵਟ ਨੂੰ ਤੁਰੰਤ ਨਹੀਂ ਖੋਲ੍ਹਿਆ ਜਾਂਦਾ ਤਾਂ ਉਸ ਜ਼ਰੀਏ ਦਿਲ ਦੇ ਜਿਸ ਹਿੱਸੇ ਵਿੱਚ ਖ਼ੂਨ ਪਹੁੰਚ ਰਿਹਾ ਹੈ, ਉਸ ਨਾਲ ਕਾਫ਼ੀ ਨੁਕਸਾਨ ਹੁੰਦਾ ਹੈ। ਹਾਰਟ ਅਟੈਕ ਵਿੱਚ ਇਲਾਜ ਵਿੱਚ ਜਿੰਨੀ ਦੇਰੀ ਹੁੰਦੀ ਰਹੇਗੀ, ਦਿਲ ਅਤੇ ਸਰੀਰ ਨੂੰ ਓਨਾ ਹੀ ਵੱਧ ਨੁਕਸਾਨ ਹੋਵੇਗਾ। ਕਾਰਡਿਅਕ ਅਰੈਸਟ ਵਾਂਗ ਹਾਰਟ ਅਟੈਕ ਵਿੱਚ ਦਿਲ ਦੀ ਧੜਕਣ ਬੰਦ ਨਹੀਂ ਹੁੰਦੀ। ਇਸ ਲਈ ਹਾਰਟ ਅਟੈਕ ਵਿੱਚ ਮਰੀਜ਼ ਦੇ ਬਚਣ ਦੀ ਸੰਭਾਵਨਾ ਵੱਧ ਹੁੰਦੀ ਹੈ।

ਦਿਲ ਨਾਲ ਜੁੜੀਆਂ ਇਹ ਦੋਵੇਂ ਬਿਮਾਰੀਆਂ ਆਪਸ ਵਿੱਚ ਵੀ ਜੁੜੀਆਂ ਹੋਈਆਂ ਹਨ। ਹਾਰਟ ਅਟੈਕ ਜਾਂ ਉਸ ਦੀ ਰਿਕਵਰੀ ਦੌਰਾਨ ਵੀ ਕਾਰਡਿਅਕ ਅਰੈਸਟ ਹੋ ਸਕਦਾ ਹੈ, ਪਰ ਇਹ ਜ਼ਰੂਰੀ ਵੀ ਨਹੀਂ ਹੈ ਕਿ ਹਾਰਟ ਅਟੈਕ ਆਉਣ 'ਤੇ ਕਾਰਡਿਅਕ ਅਰੈਸਟ ਵੀ ਹੋਵੇਗਾ। ਇੱਕ ਅਨੁਮਾਨ ਅਨੁਸਾਰ ਦਿਲ ਦੀਆਂ ਬਿਮਾਰੀਆਂ ਤੋਂ ਹੋਣ ਵਾਲੀਆਂ ਮੌਤਾਂ ਵਿੱਚ 'ਸਡਨ ਕਾਰਡਿਅਕ ਅਰੈਸਟ' ਨਾਲ ਹੋਣ ਵਾਲੀਆਂ ਮੌਤਾਂ ਦੀ ਹਿੱਸੇਦਾਰੀ 40-50 ਫੀਸਦੀ ਹੈ। ਦੁਨੀਆ ਭਰ ਵਿੱਚ ਕਾਰਡਿਅਕ ਅਰੈਸਟ ਤੋਂ ਬਚਣ ਦੀ ਦਰ ਇੱਕ ਫੀਸਦੀ ਤੋਂ ਵੀ ਘੱਟ ਹੈ ਅਤੇ ਅਮਰੀਕਾ ਵਿੱਚ ਇਹ ਕਰੀਬ 5 ਫੀਸਦੀ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਤੋਂ ਬਚਣਾ ਸੌਖਾ ਨਹੀਂ ਹੈ।

ਕਾਰਡਿਅਕ ਅਰੈਸਟ ਤੋਂ ਰਿਕਵਰ ਹੋਣ ਲਈ ਮਦਦਗਾਰ ਟੂਲ ਆਸਾਨੀ ਨਾਲ ਉਪਲੱਬਧ ਨਹੀਂ ਹਨ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਹਾਲਾਤ ਹੋਰ ਵੀ ਖ਼ਰਾਬ ਹਨ। ਦੁਨੀਆ ਵਿੱਚ ਸਾਲਾਨਾ ਲਗਭਗ 1.7 ਕਰੋੜ ਮੌਤਾਂ ਦਿਲ ਦੀਆਂ ਬਿਮਾਰੀਆਂ ਕਰਕੇ ਹੁੰਦੀਆਂ ਹਨ। ਇਹ ਕੁੱਲ ਮੌਤਾਂ ਦਾ 30 ਫੀਸਦੀ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਤਾਂ ਇਹ ਐੱਚਆਈਵੀ, ਮਲੇਰੀਆ ਅਤੇ ਟੀਬੀ ਨਾਲ ਹੋਈਆਂ ਮੌਤਾਂ ਤੋਂ ਦੁੱਗਣੀਆਂ ਮੌਤਾਂ ਲਈ ਜ਼ਿੰਮੇਵਾਰ ਹੈ।